ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 3 | Issue 4 | Oct.-Dec. 2025

ISSN: 2583-9446 (O)
Paper Published Id: ARMN030407
Available online at: www.armaan.org.in
DOI: https://doi.org/10.64119/armaan.vol.3.issue4.07

# ਗੁਰਦੀਪ ਸਿੰਘ ਨਕਸ਼ਦੀਪ ਦਾ ਨਾਵਲ 'ਕੀ ਖੱਟਿਆ ਪਰਦੇਸ ?': ਪਰਵਾਸੀ ਨਾਰੀ ਦਾ ਮਨੋਵਿਗਿਆਨਕ ਸੰਘਰਸ਼

**Gurdeep Singh Nakshdeep Da Novel 'Ki Khatia Pardes ?': Parwasi Nari Da Manovigianak Sangharsh**

**ਹਰਪ੍ਰੀਤ ਕੁਮਾਰ (Harpreet Kumar)**
**ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ (Asst. Professor, Dept. of Punjabi)**
**ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ , ਦਮਦਮਾ ਸਾਹਿਬ, ਤਲਵੰਡੀ ਸਾਬੋਂ (ਪੰਜਾਬ)**
**Email ID: harpreetkumarbti@gmail.com ਮੋਬਾਈਲ: +91-91159-12555**

*ਸਾਰ (Abstract)*

*ਗੁਰਦੀਪ ਸਿੰਘ ਨਕਸ਼ਦੀਪ ਦਾ ਨਾਵਲ 'ਕੀ ਖੱਟਿਆ ਪਰਦੇਸ' ਪ੍ਰਵਾਸੀ ਜੀਵਨ ਦੇ ਸੰਘਰਸ਼ਾਂ, ਮਾਨਸਿਕ ਟੁੱਟ ਫੁੱਟ ਅਤੇ ਮਨੁੱਖੀ ਰਿਸ਼ਤਿਆਂ ਦੀ ਜਟਿਲਤਾ ਨੂੰ ਬਹੁਤ ਹੀ ਸੂਖਮਤਾ ਨਾਲ ਦਰਸਾਉਂਦਾ ਹੈ। ਇਹ ਨਾਵਲ ਕੇਵਲ ਪਰਦੇਸ ਵਿੱਚ ਰਹਿੰਦੇ ਪੰਜਾਬੀਆਂ ਦੀ ਕਹਾਣੀ ਨਹੀਂ, ਸਗੋਂ ਮਨੁੱਖ ਦੇ ਅੰਦਰੂਨੀ ਵਿਛੋੜੇ ਅਤੇ ਜੜ੍ਹਾਂ ਤੋਂ ਟੁੱਟੇ ਜੀਵਨ ਦੀ ਵੀ ਗਹਿਰੀ ਕਥਾ ਹੈ। ਨਾਵਲ ਦੀ ਕੇਂਦਰੀ ਪਾਤਰ ਚੰਨੋ ਇੱਕ ਐਸੀ ਔਰਤ ਹੈ ਜੋ ਪ੍ਰਵਾਸੀ ਜੀਵਨ ਦੀ ਮਾਰ ਝੱਲਦੀ ਹੋਈ ਆਪਣੇ ਅਸਤਿਤਵ ਦੀ ਖੋਜ ਕਰਦੀ ਹੈ। ਉਸਦੀ ਜੀਵਨ ਯਾਤਰਾ ਇੱਕ ਆਮ ਪੰਜਾਬੀ ਇਸਤਰੀ ਤੋਂ ਆਤਮ ਚੇਤਨ, ਸੰਵੇਦਨਸ਼ੀਲ ਅਤੇ ਆਤਮ ਨਿਰਭਰ ਔਰਤ ਬਣਨ ਤੱਕ ਦੀ ਕਹਾਣੀ ਹੈ। ਪਰਦੇਸ ਦਾ ਚਮਕਦਾਰ ਜੀਵਨ ਬਾਹਰੋਂ ਆਕਰਸ਼ਣ ਪੈਦਾ ਕਰਦਾ ਹੈ ਪਰ ਅੰਦਰੋਂ ਇਕੱਲਾਪਨ, ਸੱਭਿਆਚਾਰਕ ਟੁੱਟ ਫੁੱਟ ਅਤੇ ਭਾਵਨਾਤਮਕ ਖਾਲੀਪਣ ਨਾਲ ਭਰਿਆ ਹੋਇਆ ਹੈ। ਚੰਨੋ ਦੇ ਪਤੀ ਦੀ ਬੇਪਰਵਾਹੀ ਅਤੇ ਉਸਦੇ ਆਪਣੇ ਮਨ ਦੇ ਅਧੂਰੇਪਨ ਨੇ ਉਸਨੂੰ ਅੰਦਰੋਂ ਖੋਖਲਾ ਕਰ ਦਿੱਤਾ ਹੈ। ਨਕਸ਼ਦੀਪ ਨੇ ਇਨ੍ਹਾਂ ਦੋ ਪਾਤਰਾਂ ਰਾਹੀਂ ਪ੍ਰੇਮ ਦੀ ਇੱਕ ਅਜਿਹੀ ਵਿਆਖਿਆ ਪੇਸ਼ ਕੀਤੀ ਹੈ ਜੋ ਸਰੀਰਕ ਸੀਮਾਵਾਂ ਤੋਂ ਉੱਪਰ ਮਨ ਦੇ ਸੰਬੰਧਾਂ ਦੀ ਗਹਿਰਾਈ ਤੱਕ ਜਾਂਦੀ ਹੈ। ਇਸ ਰਾਹੀਂ ਲੇਖਕ ਦਿਖਾਉਂਦਾ ਹੈ ਕਿ ਔਰਤ ਦੀ ਪ੍ਰੇਮ ਭਾਵਨਾ ਕੇਵਲ ਘਰੇਲੂ ਸੀਮਾਵਾਂ ਤੱਕ ਸੀਮਿਤ ਨਹੀਂ, ਸਗੋਂ ਉਹ ਆਪਣੇ ਅਸਤਿਤਵ ਅਤੇ ਆਤਮਕ ਸ਼ਾਤੀ ਦੀ ਭਾਲ ਵੀ ਕਰਦੀ ਹੈ। ਨਾਵਲ ਦਾ ਮੁੱਖ ਸੰਦੇਸ਼ ਇਹ ਹੈ ਕਿ ਪਰਦੇਸ ਜਾਣਾ ਸਿਰਫ਼ ਰੋਜ਼ਗਾਰ ਜਾਂ ਸੁਖਾਂ ਦੀ ਖੋਜ ਨਹੀਂ ਹੁੰਦਾ; ਇਹ ਇੱਕ ਆਤਮਕ ਯਾਤਰਾ ਹੈ ਜੋ ਮਨੁੱਖ ਨੂੰ ਆਪਣੇ ਆਪ ਨਾਲ ਟਕਰਾਉਂਦੀ ਹੈ। ਪਰਦੇਸ ਵਿੱਚ ਮਨੁੱਖ ਆਪਣੀ ਮਿੱਟੀ, ਭਾਸ਼ਾ ਅਤੇ ਰਿਸ਼ਤਿਆਂ ਤੋਂ ਵਿੱਛੁੜ ਕੇ ਆਪਣੀ ਹੀ ਜੜ੍ਹਾਂ ਦੀ ਤਲਾਸ਼ ਕਰਦਾ ਹੈ। ਨਾਵਲ ਇਸ ਗੱਲ ਦਾ ਪ੍ਰਮਾਣ ਹੈ ਕਿ ਜਿਹੜਾ ਮਨੁੱਖ ਆਪਣੇ ਮਨ ਦੇ ਸੁਖ ਦੀ ਖੋਜ ਕਰਦਾ ਹੈ, ਉਹੀ ਸੱਚਾ ਪਰਵਾਸੀ ਹੈ - ਕਿਉਂਕਿ ਉਹ ਸਿਰਫ਼ ਧਰਤੀ ਨਹੀਂ, ਸਗੋਂ ਆਪਣੇ ਅੰਦਰਲੇ ਸੰਸਾਰ ਨੂੰ ਵੀ ਤਲਾਸ਼ਦਾ ਹੈ।*

***ਕੀਵਰਡ (Keyword): ਪਰਵਾਸ, ਨਾਰੀ ਮਨੋਵਿਗਿਆਨ, ਆਤਮਿਕ ਸੰਘਰਸ਼, ਵਿਦੇਸ਼ੀ ਜੀਵਨ, ਇਕੱਲਾਪਣ, ਸੱਭਿਆਚਾਰਕ ਵਿਛੋੜਾ, ਅਸਤੀਤਵ ਦੀ ਖੋਜ, ਭਾਵਨਾਤਮਕ ਸੰਘਰਸ਼, ਮਨੁੱਖੀ ਸੰਬੰਧ, ਰੂਹਾਨੀ ਪ੍ਰੇਮ, ਸੰਵੇਦਨਸ਼ੀਲਤਾ।***

ਪੰਜਾਬੀ ਸਾਹਿਤ ਸਦਾ ਹੀ ਆਪਣੇ ਵਿਸ਼ੇ ਵਸਤੂ ਅਤੇ ਸੰਵੇਦਨਾਤਮਕ ਅਭਿਵਿਅਕਤੀ ਕਾਰਨ ਵਿਲੱਖਣ ਰਿਹਾ ਹੈ। ਪ੍ਰਵਾਸੀ ਜੀਵਨ, ਵਿਛੋੜਾ, ਆਰਥਿਕ ਲਾਲਸਾ ਤੇ ਨੈਤਿਕ ਸੰਕਟ ਇਹ ਉਹ ਵਿਸ਼ੇ ਹਨ ਜੋ ਆਧੁਨਿਕ ਪੰਜਾਬੀ ਨਾਵਲ ਵਿਚ ਵਿਸ਼ੇਸ਼ ਰੂਪ ਵਿੱਚ ਉਭਰ ਕੇ ਸਾਹਮਣੇ ਆ ਰਹੇ ਹਨ। ਗੁਰਦੀਪ ਸਿੰਘ ਨਕਸ਼ਦੀਪ ਦੁਆਰਾ ਲਿਖਿਆ ਨਾਵਲ "ਕੀ ਖੱਟਿਆ ਪਰਦੇਸ" ਇਸੀ ਧਾਰਾ ਵਿੱਚ ਇੱਕ ਵਿਲੱਖਣ ਸਥਾਨ ਰੱਖਦਾ ਹੈ। ਇਹ ਨਾਵਲ ਸਿਰਫ਼ ਇੱਕ ਨਾਰੀ ਦੇ ਪਰਵਾਸ ਜਾਣ ਦੀ ਕਹਾਣੀ ਨਹੀਂ, ਸਗੋਂ ਸਮੂਹ ਪੰਜਾਬੀ ਸਮਾਜ ਦੇ ਆਰਥਿਕ, ਨੈਤਿਕ ਤੇ ਸੰਸਕਾਰਿਕ ਹਾਲਤ ਦੀ ਵਿਆਥਾ ਹੈ। ਇਸ ਰਚਨਾ ਵਿੱਚ ਲੇਖਕ ਨੇ ਨਾਰੀ ਪਾਤਰ ਦੀ ਜ਼ਿੰਦਗੀ ਰਾਹੀਂ ਉਹ ਸਾਰੇ ਸਵਾਲ ਖੜੇ ਕੀਤੇ ਹਨ ਜੋ ਅੱਜਕਲ ਦੇ ਪੰਜਾਬੀ ਪਰਿਵਾਰ ਪ੍ਰਵਾਸ ਦੀ ਦੌੜ ਵਿੱਚ ਜਾਣੇ ਅਣਜਾਣੇ ਤੌਰ 'ਤੇ ਹੰਡਾ ਰਿਹਾ ਹੈ। ਨਾਵਲ ਦੀ ਨਾਇਕਾ ਜੋ ਆਰਥਿਕ ਮਜ਼ਬੂਰੀ ਕਾਰਨ ਇਕੱਲੀ ਕਨੇਡਾ ਜਾਂਦੀ ਹੈ। ਇੱਕ ਅਜਿਹੇ ਸਮਾਜਕ ਸੰਕਟ ਦਾ ਚਿਤਰਣ ਕਰਦੀ ਹੈ ਜਿਸ ਵਿੱਚ ਇੱਜ਼ਤ, ਮਾਨਸਿਕ ਸ਼ਾਤੀ ਅਤੇ ਪਰਿਵਾਰਕ ਸਥਿਰਤਾ ਡਾਲਰਾਂ ਦੇ ਮੁਕਾਬਲੇ ਪਿੱਛੇ ਰਹਿ ਜਾਂਦੀ ਹੈ। ਕੀ ਖੱਟਿਆ ਪਰਦੇਸ ਸਵੈ ਸੁਭਾਵਿਕ ਰੂਪ ਵਿੱਚ ਸਿਰਫ਼ ਕਹਾਣੀ ਨਹੀਂ, ਸਗੋਂ ਇੱਕ ਸਮਾਜਿਕ ਪ੍ਰਸ਼ਨਚਿੰਨ੍ਹ ਵੀ ਹੈ, ਜੋ ਇਹ ਪੁੱਛਦਾ ਹੈ ਕਿ ਕੀ ਸਾਡੀ ਤਰੱਕੀ ਦੀ ਪਰਿਭਾਸ਼ਾ ਸਿਰਫ਼ ਵਿਦੇਸ਼ ਜਾਂ ਡਾਲਰ ਹੋ ਗਈ ਹੈ? ਲੇਖਕ ਨੇ ਨਾਵਲ ਰਾਹੀਂ ਨਾ ਸਿਰਫ਼ ਪਰਵਾਸ ਦੀ ਸੱਚਾਈ ਨੂੰ ਉਭਾਰਿਆ ਹੈ, ਸਗੋਂ ਨਾਰੀ ਦੀ ਅਸਮਿਤਾ, ਸੁਰੱਖਿਆ ਅਤੇ ਸੰਘਰਸ਼ ਨੂੰ ਕੇਂਦਰ ਬਣਾਕੇ ਸਿੱਧ ਕਰ ਦਿੱਤਾ ਹੈ ਕਿ ਪੰਜਾਬੀ ਨਾਰੀ ਸਿਰਫ਼ ਕੁਰਬਾਨੀ ਦਾ ਪਾਤਰ ਨਹੀਂ, ਸਗੋਂ ਆਤਮ-ਸਨਮਾਨ ਲਈ ਲੜਨ ਵਾਲੀ ਸ਼ਕਤੀਸ਼ਾਲੀ ਸ੍ਰਿਸ਼ਟੀ ਵੀ ਹੈ।

ਇਸ ਖੋਜ ਪੱਤਰ ਰਾਹੀਂ ਅਸੀਂ ਨਾਵਲ ਦੇ ਥੀਮਾਤਮਕ ਪੱਖ, ਪਾਤਰ-ਚਰਿਤਰੀ ਵਿਸ਼ਲੇਸ਼ਣ, ਸਮਾਜਿਕ ਤੇ ਨੈਤਿਕ ਸੰਦੇਸ਼ ਅਤੇ ਲੇਖਕ ਦੀ ਰਚਨਾਤਮਕ ਦ੍ਰਿਸ਼ਟੀਕੋਣ ਦਾ ਵਿਗਿਆਨਕ ਤੇ ਆਲੋਚਨਾਤਮਕ ਵਿਸ਼ਲੇਸ਼ਣ ਕਰਾਂਗੇ। ਇਨ੍ਹਾਂ ਅੰਸ਼ਾਂ ਰਾਹੀਂ ਸਾਨੂੰ ਨਾ ਸਿਰਫ਼ ਨਾਵਲ ਦੀ ਅੰਦਰੂਨੀ ਬਣਤਰ ਦੀ ਸਮਝ ਮਿਲੇਗੀ, ਸਗੋਂ ਇਹ ਵੀ ਜਾਣਨ ਨੂੰ ਮਿਲੇਗਾ ਕਿ ਲੇਖਕ ਨੇ ਇੱਕ ਨਾਰੀ ਦੀ ਕਹਾਣੀ ਰਾਹੀਂ ਕਿਸ ਤਰ੍ਹਾਂ ਪੂਰੇ ਸਮਾਜ ਦੀ ਪੇਚੀਦਗੀ ਨੂੰ ਸਾਹਿਤਕ ਰੂਪ ਦਿੱਤਾ ਹੈ।

ਗੁਰਦੀਪ ਸਿੰਘ ਨਕਸ਼ਦੀਪ ਰਚਿਤ ਨਾਵਲ "ਕੀ ਖੱਟਿਆ ਪਰਦੇਸ?" ਇੱਕ ਅਜਿਹੀ ਸਾਹਿਤਕ ਰਚਨਾ ਹੈ ਜੋ 21ਵੀਂ ਸਦੀ ਦੇ ਪਰਵਾਸੀ ਜੀਵਨ ਦੀਆਂ ਕੜਵੀ ਹਕੀਕਤਾਂ, ਨਾਰੀ ਮਨੋਵਿਗਿਆਨ, ਰਿਸ਼ਤਿਆਂ ਦੇ ਸੰਘਰਸ਼ ਅਤੇ ਸਮਾਜਿਕ-

ਨੈਤਿਕ ਪੱਧਰਾਂ ਨੂੰ ਬਹੁਤ ਹੀ ਸੰਵੇਦਨਸ਼ੀਲ ਅਤੇ ਗੰਭੀਰ ਅੰਦਾਜ਼ ਵਿੱਚ ਪੇਸ਼ ਕਰਦਾ ਹੈ। ਇਹ ਨਾਵਲ ਸਿਰਫ ਇੱਕ ਵਿਅਕਤੀ ਦੀ ਕਹਾਣੀ ਨਹੀਂ, ਸਗੋਂ ਲੱਖਾਂ ਪਰਵਾਸੀਆਂ ਦੀ ਉਹ ਸਾਂਝੀ ਅਨੁਭੂਤੀ ਹੈ ਜੋ ਵਿਦੇਸ਼ ਦੀ ਚਮਕ-ਧਮਕ ਦੀ ਓਟ ਵਿੱਚ ਆਪਣੀ ਜ਼ਿੰਦਗੀ ਦੇ ਅਸਲ ਰੰਗ ਖੋ ਬੈਠਦੇ ਹਨ। ਇਸ ਨਾਵਲ ਦੀ ਕੇਂਦਰੀ ਨਾਇਕਾ ਚੰਨੋ ਦੀ ਜ਼ਿੰਦਗੀ ਰਾਹੀਂ ਲੇਖਕ ਨੇ ਨਾਰੀ ਦੀ ਅੰਦਰੂਨੀ ਤਕਲੀਫ਼, ਉਸ ਦੀ ਆਤਮ-ਚੇਤਨਾ, ਵਿਸ਼ਵਾਸਘਾਤ, ਪਛਤਾਵਾ ਅਤੇ ਫਿਰ ਨਵੀਂ ਸੁਝ-ਬੁਝ ਦੀ ਯਾਤਰਾ ਨੂੰ ਬੜੇ ਸੰਵੇਦਨਸ਼ੀਲ ਢੰਗ ਨਾਲ ਉਜਾਗਰ ਕੀਤਾ ਹੈ। ਗੁਰਦਾਸ, ਲਵਿੰਦਰ, ਲੱਛਮੀ ਅਤੇ ਹੋਰ ਕਿਰਦਾਰ ਨਾਰੀ-ਮਰਦ ਦੇ ਸੰਬੰਧਾਂ ਦੀ ਗੁੰਝਲ ਗਾਥਾ ਦੀ ਪੇਚਦਗੀਆਂ ਨੂੰ ਰੋਸ਼ਨ ਕਰਦੇ ਹਨ। ਨਾਵਲ ਨੈਤਿਕਤਾ, ਪਰਿਵਾਰਕ ਸੰਸਕਾਰ, ਮਾਨਸਿਕਤਾ ਅਤੇ ਨਾਰੀ ਅਸਤਿਤਵ ਵਰਗੇ ਵਿਸਿਆਂ ਨੂੰ ਆਪਣਾ ਕੇਂਦਰ ਬਣਾਉਂਦਾ ਹੈ। ਇਸ ਵਿਚ ਚੰਨੋ ਦਾ ਅੰਦਰੂਨੀ ਸੰਘਰਸ਼, ਉਸ ਦੀ ਮਾਨਸਿਕ ਪੀੜਾ, ਧੋਖਾ, ਫਿਰ ਆਤਮ-ਪਛਾਣ ਅਤੇ ਪਛਤਾਵਾਂ ਇੱਕ ਆਮ ਔਰਤ ਨੂੰ ਸਮਾਜਿਕ ਚਸ਼ਮੇ ਤੋਂ ਪਰੇ ਜਾ ਕੇ ਵਿਅਕਤੀਗਤ ਨਜ਼ਰੀਏ ਨਾਲ ਵੇਖਣ ਦੀ ਲੋੜ ਨੂੰ ਉਭਾਰਦਾ ਹੈ।

ਸੰਦੇਸ਼ਪੂਰਨ ਰਚਨਾ ਹੋਣ ਦੇ ਨਾਲ-ਨਾਲ, ਇਹ ਨਾਵਲ ਸਮਾਜ ਨੂੰ ਇਹ ਵੀ ਸਮਝਾਉਂਦਾ ਹੈ ਕਿ ਪਰਦੇਸ ਦੀ ਰੋਸ਼ਨੀ ਕਈ ਵਾਰ ਆਪਣੇ ਅੰਦਰ ਅਨ੍ਹੇਰਾ ਹੀ ਲਿਆਉਂਦਾ ਹੈ, ਜਦੋਂ ਇਨਸਾਨ ਆਪਣੇ ਜੜ੍ਹਾਂ ਤੋਂ ਟੁੱਟ ਜਾਂਦਾ ਹੈ। ਇਹ ਕਹਾਣੀ ਇੱਕ ਸਵਾਲ ਹੈ ਜੋ ਚੰਨੋ ਆਪਣੇ ਆਪ ਤੋਂ ਪੂਰੇ ਜੀਵਨ ਦੀ ਥਕਾਵਟ ਤੋਂ ਬਾਅਦ ਕਰਦੀ ਹੈ: "ਅੜੀਏ, ਕੀ ਖੱਟਿਆ ਪਰਦੇਸ?"ਇਸੇ ਮੂਲ ਪ੍ਰਸ਼ਨ ਤੋਂ ਨਿਕਲ ਕੇ, ਨਾਵਲ ਵਾਚਕ ਨੂੰ ਵਿਸ਼ਲੇਸ਼ਣ ਦੀ ਅਜਿਹੀ ਧਰਤੀ ਦਿੰਦਾ ਹੈ ਜਿੱਥੇ ਉਹ ਪਰਵਾਸ, ਨਾਰੀ, ਰਿਸ਼ਤੇ, ਮਰਦਾਨਗੀ ਅਤੇ ਨੈਤਿਕਤਾ ਬਾਰੇ ਨਵੇਂ ਸਵਾਲ ਕਰ ਸਕੇ। ਇਸ ਕਰਕੇ, “ਕੀ ਖੱਟਿਆ ਪਰਦੇਸ?” ਆਧੁਨਿਕ ਪੰਜਾਬੀ ਸਾਹਿਤ ਵਿੱਚ ਇੱਕ ਅਹਿਮ ਸਥਾਨ ਰੱਖਦਾ ਹੈ ਜੋ ਪਰਵਾਸੀ ਅਨੁਭਵ ਅਤੇ ਨਾਰੀ ਸੰਘਰਸ਼ ਨੂੰ ਸਮਾਜਕ ਪੱਧਰ 'ਤੇ ਗੰਭੀਰਤਾ ਨਾਲ ਪੇਸ਼ ਕਰਦਾ ਹੈ। ਨਾਵਲ ਵਿੱਚ ਭਾਸ਼ਾ ਅਤੇ ਅਭਿਵਿਅਕਤੀ ਬਿਲਕੁਲ ਲੋਕਧਾਰਾ ਵਾਲੀ ਹੈ। ਲੇਖਕ ਨੇ ਪੰਜਾਬੀ ਲੋਕ-ਵਰਤਾਰਿਆਂ, ਬੋਲਚਾਲ ਅਤੇ ਪਿੰਡਾਂ ਦੀ ਲੋਕ ਭਾਸ਼ਾ ਰਾਹੀਂ ਪਾਤਰਾਂ ਦੀ ਅਸਲ ਪਛਾਣ ਨੂੰ ਬਰਕਰਾਰ ਰੱਖਿਆ ਹੈ। ਸੰਵੇਦਨਸ਼ੀਲਤਾ ਅਤੇ ਦਰਦ ਦੀ ਅਭਿਵਿਅਕਤੀ ਅਤਿ ਨਿੱਘੀ ਹੈ। ਪਾਠਕ ਨੂੰ ਇਹ ਪੜ੍ਹਕੇ ਮਹਿਸੂਸ ਹੁੰਦਾ ਹੈ ਕਿ ਉਹ ਖੁਦ ਉਸ ਘਰ ਵਿੱਚ ਜਾਂ ਕਨੇਡਾ ਦੇ ਵਿੱਚ ਬੈਠਾ ਹੈ। ਜਿੱਥੇ ਇਹ ਘਟਨਾਵਾਂ ਵਾਪਰ ਰਹੀਆਂ ਹਨ। ਨੈਤਿਕ ਅਤੇ ਸਮਾਜਿਕ ਮੁੱਲਾਂ ਦੇ ਪੱਖ ਤੋਂ ਨਾਵਲ ਸਮਾਜ ਨੂੰ ਇੱਕ ਸ਼ੀਸ਼ਾ ਦਿਖਾਉਂਦਾ ਹੈ। ਇੱਥੇ ਪੈਸਾ ਕੇਂਦਰਿਤ ਸੰਸਕਾਰ, ਔਰਤ ਵਿਰੋਧੀ ਮਾਨਸਿਕਤਾ ਅਤੇ ਮਾੜੀ ਸਿੱਖਿਆ ਸਿਸਟਮ ਤੇ ਵੀ ਉਂਗਲੀ ਚੁਕੀ ਹੈ। ਚੰਨੋ ਦੀ ਕਹਾਣੀ ਸਾਨੂੰ ਦੱਸਦੀ ਹੈ ਕਿ ਨਾਰੀ ਸਵੈ ਅਭਿਮਾਨ ਰੱਖਦੀ ਹੈ, ਉਹ ਸੰਘਰਸ਼ ਕਰਦੀ ਹੈ ਅਤੇ ਕਈ ਵਾਰ ਸਿਸਟਮ ਦੇ ਖਿਲਾਫ ਵੀ ਖੜੀ ਹੋ ਜਾਂਦੀ ਹੈ। ਲੇਖਕ ਦਾ ਦ੍ਰਿਸ਼ਟੀਕੋਣ ਬਹੁਤ ਹੀ ਤੱਥ ਪੂਰਨ ਅਤੇ ਸਚਾਈ ਨਾਲ ਭਰਪੂਰ ਹੈ। ਉਹ ਪਾਠਕ ਦੇ ਮਨ ਤੇ ਇੱਕ ਅਸਰ ਛੱਡਦੀ ਹੈ ਇੱਕ ਚੁੱਪ ਸਵਾਲ "ਕੀ ਪਰਦੇਸ ਸਿਰਫ਼ ਪੈਸਾ ਹੀ ਦਿੰਦਾ ਹੈ ਜਾਂ ਮਨੁੱਖਤਾ ਖੋਹ ਲੈਂਦਾ ਹੈ?"ਇਹ ਨਾਵਲ ਸਾਨੂੰ ਨਾ ਸਿਰਫ਼ ਪਰਵਾਸੀ ਜੀਵਨ ਦੀ ਦੁਖਭਰੀ ਸੱਚਾਈ ਦਿਖਾਉਂਦਾ ਹੈ, ਸਗੋਂ ਇਹ ਵੀ ਦੱਸਦਾ ਹੈ ਕਿ ਗਰੀਬੀ ਤੋਂ ਨਿਜਾਤ ਪਾਉਣ ਲਈ ਕੀ-ਕੀ ਮੁੱਲ ਚੁਕਾਉਣੇ ਪੈਂਦੇ ਹਨ।

*ਚੰਨੋ ਨੇ ਥੋੜ੍ਹਾ ਚਿਰ ਸਹੁਰੇ ਰਹਿ ਕੇ, ਹਫ਼ਤੇ ਲਈ ਪੇਕੇ ਆਉਣਾ ਸੀ, ਇਸ ਕਰ ਕੇ ਉਹ ਦੀ ਮਾਂ ਆਪਣੇ ਪੁੱਤਰ ਗੁਰਪਾਲ ਨਾਲ ਆਪ ਵੀ ਕਾਰਖ਼ਾਨੇ ਸਾਮਾਨ ਲੈ ਕੇ ਜਾਣ ਲਈ ਚਲੇ ਗਈ ਤਾਂਕਿ ਮੁੜਦੀ ਹੋਈ ਉਹ ਬਜ਼ਾਰ ਤੋਂ ਚੰਨੋ ਲਈ ਇੱਕ ਨਵਾਂ ਸੂਟ ਖ਼ਰੀਦ ਸਕੇ। ਸਾਮਾਨ ਮੋੜ ਕੇ ਤੇ ਨਵਾਂ ਸਾਮਾਨ ਲੈ ਕੇ ਉਹ ਨੇ ਗੁਰਪਾਲ ਨੂੰ ਪਿੰਡ ਨੂੰ ਭੇਜ ਦਿੱਤਾ, ਪਰ ਆਪ ਉਹ ਬਜ਼ਾਰ ਨੂੰ ਗਈ ਚਲੇ ਗਈ। ......*[1]

ਚੰਨੋ ਦੀ ਮਾਂ ਜਦੋਂ ਘਰ ਦਾ ਸਮਾਨ ਲੈਣ ਲਈ ਬਾਜ਼ਾਰ ਜਾਂਦੀ ਹੈ ਤਾਂ ਉੱਥੇ ਮੋਟਰ ਸਾਈਕਲ ਨਾਲ ਟੱਕਰ ਹੋਣ ਤੇ ਅਚਾਨਕ ਮੌਤ ਹੋ ਜਾਂਦੀ ਹੈ। ਇਹ ਘਟਨਾ ਚੰਨੋ ਦੀ ਜ਼ਿੰਦਗੀ ਵਿਚ ਅਸੁਰੱਖਿਆ ਨੂੰ ਜਨਮ ਦਿੰਦੀ ਹੈ। ਨਾਵਲਕਾਰ ਨੇ ਇਹ ਘਟਨਾ ਨੂੰ ਬੜੀ ਹੀ ਸੰਵੇਦਨਸ਼ੀਲ ਢੰਗ ਨਾਲ ਪੇਸ਼ ਕੀਤਾ ਹੈ। ਕਿਉਂਕਿ ਇਹ ਘਟਨਾ ਉਸ ਸਮੇਂ ਵਾਪਰਦੀ ਹੈ ਜਦੋਂ ਚੰਨੋ ਆਪਣੇ ਵਿਆਹ ਦੀ ਤਿਆਰੀ ਲਈ ਬਾਜ਼ਾਰ ਸੂਟ ਖਰੀਦਣ ਲਈ ਜਾ ਰਹੀ ਹੁੰਦੀ ਹੈ। ਵਿਆਹ ਦੀ ਤਿਆਰੀ, ਨਵਾਂ ਸੂਟ, ਪੇਕੇ ਆਉਣ ਦੀ ਉਡੀਕ ਅਤੇ ਇਹ ਸਾਰੀਆਂ ਖੁਸ਼ੀਆਂ ਅਚਾਨਕ ਹੀ ਮੌਤ ਦੀ ਖ਼ਬਰ ਨੇ ਰੋਲ ਦਿੱਤੀਆਂ। ਇਹ ਵਿਅਕਤੀਗਤ ਤੌਰ 'ਤੇ ਇੱਕ ਨਾਰੀ ਦੀ ਬੇਵਕਤ ਮੌਤ ਨਹੀਂ, ਸਗੋਂ ਸੰਸਕਾਰਾਂ, ਸੰਬੰਧਾਂ ਅਤੇ ਭਵਿੱਖ 'ਤੇ ਵੱਜੀ ਹੋਈ ਚੋਟ ਹੈ। ਸਮਾਜ ਵਿੱਚ ਨਾਰੀ ਦੀ ਭੂਮਿਕਾ ਕੇਵਲ ਰੋਟੀ ਬਣਾਉਣ, ਪਰਿਵਾਰ ਸੰਭਾਲਣ ਜਾਂ ਤਿਉਹਾਰਾਂ ਦੀ ਸ਼ੋਭਾ ਬਣਨ ਤੱਕ ਸੀਮਤ ਨਹੀਂ ਹੈ ਜਦ ਉਹ ਨਹੀਂ ਰਹਿੰਦੀ, ਸਾਰਾ ਪਰਿਵਾਰਿਕ ਢਾਂਚਾ ਡਾਵਾਂ ਡੋਲ ਹੋ ਜਾਂਦਾ ਹੈ। ਮਾਂ ਦੀ ਮੌਤ ਤੋਂ ਬਾਅਦ, ਚੰਨੋ ਦੀ ਜ਼ਿੰਦਗੀ ਪੇਕੇ ਅਤੇ ਸਹੁਰੇ ਘਰ ਦੇ ਵਿਚਕਾਰ ਝੂਲਣ ਲਗ ਪੈਂਦੀ ਹੈ। ਉਸ ਦੀ ਭੂਮਿਕਾ, ਜਿਵੇਂ ਉਸ ਨੇ ਆਪਣੀ ਮਾਂ ਤੋਂ ਸਿੱਖਿਆ ਸੀ, ਘਰ ਦੀ ਜ਼ਿੰਮੇਵਾਰੀ ਲੈਣ ਦੀ ਬਣ ਜਾਂਦੀ ਹੈ। ਪਰ ਇਹ ਲੰਮਾ ਸਮਾਂ ਨਹੀਂ ਚੱਲ ਸਕਿਆ, ਚੰਨੋ ਨੂੰ ਆਪਣੇ ਸਹੁਰੇ ਘਰ ਹੀ ਰਹਿਣ ਦੀ "ਸਲਾਹ" ਮਿਲ ਜਾਂਦੀ ਹੈ। ਇੱਥੇ ਲੇਖਕ ਨੇ ਨਾਰੀ ਦੀ ਆਤਮ ਨਿਰਭਰਤਾ ਦੇ ਹਉਮੈ ਅਤੇ ਸਮਾਜ ਦੀ ਵਧੀਕ ਨਿਰਭਰਤਾ ਦੀ ਵਾਸਤਵਿਕਤਾ ਵਿਚਕਾਰ ਟਕਰਾਅ ਵਿਖਾਇਆ ਹੈ। ਚੰਨੋ ਨਾ ਸਿਰਫ਼ ਆਪਣੇ ਪਿਉ ਤੇ ਭਰਾ ਦੀ ਸੇਵਾ ਕਰਦੀ ਹੈ, ਸਗੋਂ ਇਸ ਕਾਰਜ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਂਦੀ ਹੈ ਪਰ ਇਹ ਸਮਾਜਿਕ ਬਣਤਰ ਉਸ ਨੂੰ ਇਜਾਜ਼ਤ ਨਹੀਂ ਦਿੰਦਾ।

*"ਤਕਰੀਬਨ ਹਰ ਘਰ ਵਿੱਚੋਂ ਨੌਜਵਾਨ ਕੁੜੀਆਂ ਤੇ ਮੁੰਡੇ ਬਾਹਰ ਨੂੰ ਪੜਨ ਦੇ ਬਹਾਨੇ ਜਾ ਰਹੇ ਸੀ..."*

ਇਹ ਲਾਈਨ ਇੱਕ ਵੱਡੀ ਸਮਾਜਕ ਹਕੀਕਤ ਦੀ ਤਰਫ਼ ਇਸ਼ਾਰਾ ਕਰਦੀ ਹੈ: ਸਿੱਖਿਆ ਦੀ ਓਟ 'ਚ ਦੌਲਤ ਦੀ ਭੁੱਖ। ਬਾਹਰ ਜਾਣ ਵਾਲਾ ਹਰ ਨੌਜਵਾਨ ਆਪਣੇ ਰੰਗੀਲੇ ਪਲ, ਕਾਰਾਂ ਅਤੇ ਸੈਲਫੀਆਂ ਨਾਲ ਪੰਜਾਬ ਬੈਠੇ ਹੋਰ ਲੋਕਾਂ ਨੂੰ ਪ੍ਰਭਾਵਤ ਕਰਦਾ ਹੈ। ਇਹ ਵਿਉਂਤ ਸਮਾਜ ਵਿੱਚ ਨਕਲੀ ਚਮਕ, ਰੀਸ ਅਤੇ ਮਾਨਸਿਕ ਭਟਕਾਅ ਪੈਦਾ ਕਰਦੀ ਹੈ। ਚੰਨੋ ਦੇ ਨਿੱਜੀ ਦੁੱਖ ਦੇ ਸਮੇਤ ਨਾਵਲਕਾਰ ਸਮਾਜ ਦੀ ਵਿਸਥਾਪਨਕਾਰੀ ਮਨੋਵਿਰਤੀ ਤੇ ਤਿੱਖਾ ਪ੍ਰਹਾਰ ਕਰਦਾ ਹੈ। ਲੇਖਕ ਨੇ ਇਸ ਤ੍ਰਾਸਦੀ ਨੂੰ ਬਿਨਾਂ ਵਾਦ-ਵਿਵਾਦ ਦੇ ਸਿੱਧੀ, ਸੰਵੇਦਨਸ਼ੀਲ ਭਾਸ਼ਾ ਰਾਹੀਂ ਪੇਸ਼ ਕੀਤਾ ਹੈ। ਪਾਠਕ ਮਾਤਾ ਦੀ ਮੌਤ ਨੂੰ ਪੜ੍ਹ ਕੇ ਦਿਲੋਂ ਹਿਲ ਜਾਂਦਾ ਹੈ, ਕਿਉਂਕਿ ਇਹ ਮੌਤ ਨਾ ਕੇਵਲ ਇਕ ਵਿਅਕਤੀ ਦੀ, ਸਗੋਂ ਇੱਕ ਸੰਸਕਾਰਕ ਧਾਰਾ ਦੀ ਮੌਤ ਹੈ। ਇਹ ਟੁਕੜਾ ਨਾਵਲ ਦੇ ਕੇਵਲ ਇੱਕ ਪਾਤਰ ਦੀ ਮੌਤ ਨਹੀਂ ਦਰਸਾਉਂਦਾ, ਸਗੋਂ ਪੰਜਾਬੀ ਸਮਾਜ

ਦੀ ਜੀਵਨ ਪੱਧਤੀ, ਨਾਰੀ ਭੂਮਿਕਾ, ਪਰਵਾਸੀ ਸੰਸਕਾਰ ਅਤੇ ਆਧੁਨਿਕਤਾ ਦੀ ਧੁੰਦ ਨੂੰ ਵਿਖਾਉਂਦਾ ਹੈ।

> *ਦਰਅਸਲ ਮੈਂ ਰਹਿਣ ਨੂੰ ਥਾਂ ਲੱਭ ਰਹੀ ਹਾਂ, ਕਿਉਂਕਿ ਕੁਝ ਚਿਰ ਹੋਇਆ ਜਿੱਥੇ ਮੈਂ ਰਹਿੰਦੀ ਸੀ, ਉੱਥੋਂ ਦੇ ਮਰਦ ਨੇ ਮੇਰੇ ਉੱਤੇ ਬੁਰੀ ਨਜ਼ਰ ਧਰ ਲਈ ਤੇ ਮੈਂ ਉੱਥੋਂ ਚਲੇ ਆਈ" ਚੰਨੋ ਨੇ ਆਪਣੀ ਬੇਨਤੀ ਕਰਨ ਦਾ ਰਾਹ ਸਾਫ਼ ਕੀਤਾ। "ਇਹ ਮਰਦ ਜਾਤ ਵੀ ਬਹੁਤ ਕੁਪੱਤੀ ਹੈ, ਇਹ ਮਰਦ ਔਰਤ ਨੂੰ ਵਰਤਣ ਵਾਲੀ ਵਸਤੂ ਹੀ ਸਮਝਦੇ ਹਨ ਜਿਵੇਂ ਔਰਤਾਂ ਦੇ ਆਪਣੇ ਕੋਈ ਭਾਵ ਹੀ ਨਹੀਂ ਹੁੰਦੇ ..ਬਸ ਇੱਕ ਖਿਡੌਣਾ ਸਮਝਦੇ ਹਨ... ਜਿਵੇਂ ਔਰਤ ਦੀ ਕੋਈ ਸੋਚ ਹੀ ਨਹੀਂ ਹੁੰਦੀ...*[2]

ਚੰਨੋ ਦਾ ਇਹ ਕਹਿਣਾ ਕਿ *"ਉੱਥੋਂ ਦੇ ਮਰਦ ਨੇ ਮੇਰੇ ਉੱਤੇ ਬੁਰੀ ਨਜ਼ਰ ਧਰ ਲਈ"* ਇਹ ਪੁਰਸ਼ ਪ੍ਰਧਾਨ ਸੰਸਕਾਰ ਅਤੇ ਨਾਰੀ ਦੀ ਸਰੀਰਕ ਸੁਰੱਖਿਆ ਦੀ ਹਕੀਕਤ ਨੂੰ ਖੁਲ ਕੇ ਦਰਸਾਉਂਦਾ ਹੈ। ਭਾਵੇਂ ਚੰਨੋ ਪਰਦੇਸ (ਕੈਨੇਡਾ) ਵਿੱਚ ਹੈ, ਪਰ ਸਥਿਤੀ ਇਥੋਂ ਵੱਖਰੀ ਨਹੀਂ ਮਰਦ ਦੀ ਦ੍ਰਿਸ਼ਟੀ, ਔਰਤ ਨੂੰ ਇੱਕ ਵਸਤੂ ਬਣਾਉਣ ਵਾਲੀ ਸੋਚ, ਹਰ ਥਾਂ ਵਿਆਪਕ ਹੈ। ਲੇਖਕ ਨੇ ਇਹ ਦਰਸਾਇਆ ਕਿ ਨਾਰੀ ਦੀ ਦਬਾਈ ਹੋਈ ਹਕੂਮਤ, ਇਥੇ ਵੀ ਉਸ ਦਾ ਪਿੱਛਾ ਨਹੀਂ ਛੱਡਦੀ। ਇਹ ਮਾਮਲਾ ਕੇਵਲ ਸਰੀਰਕ ਭੇਦ ਭਾਵ ਵਾਲਾ ਨਹੀਂ, ਸਗੋਂ ਆਤਮ-ਗੌਰਵ, ਮਾਨਸਿਕ ਸੰਤੁਲਨ ਅਤੇ ਆਤਮ-ਰੱਖਿਆ ਦੀ ਲੜਾਈ ਹੈ। ਮਿਸਿਜ਼ ਪਾਰਕ ਦੀ ਭਾਵਨਾ ਜਦ ਉਹ ਕਹਿੰਦੀ ਹੈ *"ਇਹ ਮਰਦ ਜਾਤ ਵੀ ਬਹੁਤ ਕੁਪੱਤੀ ਹੈ..."* ਇਕ ਪੱਖ ਤੋਂ ਉਹ ਚੰਨੋ ਨਾਲ ਹਮਦਰਦੀ ਜਤਾਉਂਦੀ ਹੈ, ਦੂਜੇ ਪਾਸੇ ਪੰਜਾਬੀ ਨਾਰੀ ਵਿਚ ਅਕਸਰ ਪਾਇਆ ਜਾਣ ਵਾਲਾ ਮਰਦ-ਵਿਰੋਧੀ ਨਜ਼ਰੀਆ ਵੀ ਪ੍ਰਗਟ ਕਰਦੀ ਹੈ। ਪਰ ਇਹ ਨਜ਼ਰੀਆ ਨਾਰੀ ਦੇ ਆਪਣੇ ਦੁੱਖ ਦੇ ਅਨੁਭਵ ਤੋਂ ਉਭਰਿਆ ਹੋਇਆ ਹੈ। ਉਨ੍ਹਾਂ ਦੀ ਧੀ ਦੀ ਮੌਤ, ਪਤੀ ਦੀ ਬੇਵਫਾਈ, ਪੁੱਤਰ ਦਾ ਇਕੱਲਾਪਨ ਇਹ ਸਭ ਮਿਸਿਜ਼ ਪਾਰਕ ਦੇ ਅੰਦਰ ਇਕ ਅੰਤਰ-ਸੰਘਰਸ਼, ਕੌਮਾਂਤਰੀ ਨਾਰੀ ਸੰਵੇਦਨਾ ਅਤੇ ਤਿੱਖੀ ਦਰਦ ਭਾਵਨਾ ਨੂੰ ਦਰਸਾਉਂਦਾ ਹੈ। ਇੱਥੇ ਲੇਖਕ ਨੇ ਨਾਰੀ ਭਰੋਸਾ ਅਤੇ ਹੱਦਬੰਦੀ ਦਾ ਸੰਵੇਦਨਾਤਮਕ ਨਕਸ਼ਾ ਖਿੱਚਿਆ ਹੈ। ਮਿਸਿਜ਼ ਪਾਰਕ ਦੀ ਇੱਛਾ ਤਾਂ ਹੈ ਚੰਨੋ ਦੀ ਮਦਦ ਕਰਨ ਦੀ, ਪਰ ਸਮਾਜਿਕ ਅਤੇ ਵਿਅਕਤੀਗਤ ਹਾਲਾਤ ਉਨ੍ਹਾਂ ਨੂੰ ਇਜਾਜ਼ਤ ਨਹੀਂ ਦਿੰਦੇ। ਇਹ ਸੰਵਾਦ ਦੱਸਦਾ ਹੈ ਕਿ ਚੰਗੇ ਇਰਾਦਿਆਂ ਦੇ ਬਾਵਜੂਦ, ਵਿਅਕਤੀਗਤ ਜ਼ਿੰਦਗੀ ਦੀਆਂ ਟੁਟੀਆਂ ਹੋਈਆਂ ਥਾਵਾਂ, ਹੋਰ ਕਿਸੇ ਦੀ ਮਦਦ ਕਰਣ ਤੋਂ ਰੋਕ ਸਕਦੀਆਂ ਹਨ। ਚੰਨੋ ਲਈ ਇਹ ਪਰਦੇਸ ਵਿੱਚ ਨਵੀਂ ਰਿਹਾਇਸ਼ ਲੱਭਣ ਦਾ ਸੰਘਰਸ਼ ਹੈ, ਜੋ ਕੇਵਲ ਜਾਇਦਾਦ ਨਹੀਂ ਅਸਤਿਤਵ ਦੀ ਲੜਾਈ ਹੈ।

ਨਾਵਲ ਵਿੱਚ ਮਨੁੱਖੀ ਭਾਵਨਾਵਾਂ, ਟੁੱਟੇ ਹੋਏ ਰਿਸ਼ਤੇ ਅਤੇ ਆਤਮਿਕ ਅਣ-ਭਰੋਸੇ ਦੀ ਭਾਵਪੂਰਨ ਅਭਿਵਿਅਕਤੀ ਹੁੰਦੀ ਹੈ। ਲੇਖਕ ਨੇ ਚੰਨੋ ਦੀ ਝਿਜਕ, ਨਰਮੀ ਅਤੇ ਦਰਦ ਨੂੰ ਬਿਨਾਂ ਉੱਚੇ ਸੁਰਾਂ ਦੇ ਚੁੱਪ, ਲਚਕੀਲੇ ਬੋਲਾਂ ਅਤੇ ਛੋਟੇ ਵਾਕਾਂ ਰਾਹੀਂ ਉਤਾਰਿਆ ਹੈ। ਇੱਥੇ ਭਾਸ਼ਾ ਇੱਕ ਮਾਧਿਅਮ ਨਹੀਂ ਆਵਾਜ਼ ਹੈ, ਜਿਹੜੀ ਦਬੀ ਹੋਈ ਔਰਤਾਂ ਦੀ ਨੁਮਾਇੰਦਗੀ ਕਰ ਰਹੀ ਹੈ। "ਮੈਂ ਰਹਿਣ ਨੂੰ ਥਾਂ ਲੱਭ ਰਹੀ ਹਾਂ" ਇਹ ਇਕ ਸਧਾਰਨ ਲਾਈਨ ਹੈ, ਪਰ ਇਸ ਦੇ ਅੰਦਰ ਸੰਘਰਸ਼, ਡਰ ਅਤੇ ਆਸਰਾ ਲੱਭਣ ਦੀ ਲਾਲਸਾ ਵੱਸਦੀ ਹੈ। "ਕੀ ਖੱਟਿਆ ਪਰਦੇਸ" ਨਾਵਲ ਦਾ ਕੇਵਲ ਸੰਵਾਦ ਨਹੀਂ, ਸਗੋਂ ਪੁਰਸ਼ ਪ੍ਰਧਾਨ ਸਮਾਜ, ਨਾਰੀ ਦੀ ਟੁੱਟੀ ਹੋਈ ਪਛਾਣ, ਪਰਦੇਸ ਵਿੱਚ ਅਸਥਿਰਤਾ ਅਤੇ ਭਰੋਸੇ ਦੀ ਮਿਠਾਸ ਦਾ ਦਰਪਣ ਹੈ। ਚੰਨੋ ਅਤੇ ਮਿਸਿਜ਼ ਦੀ ਪਾਰਕ ਵਿੱਚ ਮੁਲਾਕਾਤੀ ਦ੍ਰਿਸ਼ ਇੱਕ ਵੱਡੀ ਸੱਚਾਈ ਉਜਾਗਰ ਕਰਦਾ ਹੈ।

> *ਗਰੀਬੀ ਚੋਂ ਨਜਾਤ ਪਾਉਣ ਲਈ ਹੀ, ਗੁਰਦਾਸ ਨੇ ਆਪਣੇ ਜਾਣ ਪਹਿਚਾਣ ਵਾਲਿਆਂ ਨਾਲ ਸਲਾਹ ਕਰ ਕੇ, ਚੰਨੋ ਨੂੰ ਕਨੇਡਾ ਭੇਜ ਦਿੱਤਾ ਸੀ.....*[3]

ਨਾਵਲ ਵਿਦੇਸ਼ੀ ਪ੍ਰਵਾਸ, ਗਰੀਬੀ, ਨਾਰੀ ਸੰਘਰਸ਼ ਅਤੇ ਆਰਥਿਕ ਲਾਲਸਾ ਨਾਲ ਜੁੜੇ ਵਿਸ਼ਿਆਂ ਨੂੰ ਕੇਂਦਰ ਵਿੱਚ ਰੱਖਦਾ ਹੈ। ਲੇਖਕ ਨੇ ਆਮ ਪੰਜਾਬੀ ਪਰਿਵਾਰਾਂ ਦੀਆਂ ਆਸਾਵਾਂ, ਸੰਘਰਸ਼ਾਂ ਅਤੇ ਮਿੱਥਕਾਂ ਨੂੰ ਗੰਭੀਰ ਰੂਪ ਵਿੱਚ ਚਿੱਤਰਤ ਕੀਤਾ ਹੈ। ਨਾਵਲ ਦੀ ਕੇਂਦਰੀ ਪਾਤਰ ਚੰਨੋ, ਇੱਕ ਆਮ ਗਰੀਬ ਪਰਿਵਾਰ ਦੀ ਨਾਰੀ, ਆਪਣੀ ਜ਼ਿੰਦਗੀ ਵਿੱਚ ਇਕ ਵਾਰ ਨਹੀਂ, ਕਈ ਵਾਰ ਤਕਦੀਰ ਅਤੇ ਸਮਾਜਿਕ ਜੁਲਮ ਦਾ ਸ਼ਿਕਾਰ ਬਣਦੀ ਹੈ। ਉਸ ਦੇ ਜੀਵਨ ਰਾਹੀਂ ਲੇਖਕ ਨੇ ਪਰਵਾਸੀ ਸੰਘਰਸ਼ ਨੂੰ ਨਾ ਸਿਰਫ਼ ਮਾਨਸਿਕ, ਭੌਤਿਕ ਅਤੇ ਆਰਥਿਕ ਪੱਖਾਂ ਤੱਕ ਹੀ ਸੀਮਤ ਨਹੀਂ ਰੱਖਿਆ, ਸਗੋਂ ਉਸ ਦੀ ਆਤਮਕ ਵਿਛੋੜੇ ਅਤੇ ਇੱਜ਼ਤ ਦੀ ਲੜਾਈ ਤੱਕ ਲੰਘਾ ਦਿੱਤਾ। ਚੰਨੋ ਦੀ ਮਾਂ ਦੀ ਸੜਕ ਹਾਦਸੇ ਵਿੱਚ ਮੌਤ ਹੋ ਜਾਣਾ, ਉਸ ਦੀ ਜ਼ਿੰਦਗੀ ਵਿੱਚ ਇਕ ਵੱਡਾ ਮੋੜ ਹੈ। ਇਹ ਦ੍ਰਿਸ਼ ਦੱਸਦਾ ਹੈ ਕਿ ਕਿਸ ਤਰ੍ਹਾਂ ਖੁਸ਼ੀਆਂ ਦੇ ਮੌਕੇ ਵੀ ਕਿਸਮਤ ਵੱਲੋਂ ਇੱਕ ਤ੍ਰਾਸਦੀ ਰੂਪ ਵਿੱਚ ਆਉਂਦੇ ਹਨ। ਇਸ ਤੋਂ ਇਲਾਵਾ, ਚੰਨੋ ਦੀ ਕਨੇਡਾ ਜਾਣ ਦੀ ਕਹਾਣੀ ਜੋ ਬਾਹਰਲੀ ਦੁਨੀਆਂ ਦੀ ਚਮਕਦਾਰ ਹਕੀਕਤ ਨੂੰ ਲੈ ਕੇ ਚਲਦੀ ਹੈ ਨੂੰ ਦਰਸਾਉਂਦੀ ਹੈ ਕਿ ਵਿਦੇਸ਼ਾਂ ਵਿੱਚ ਔਰਤਾਂ ਲਈ ਜੀਵਨ ਕਿੰਨਾ ਜ਼ਿਆਦਾ ਦੁਖਦਾਈ ਅਤੇ ਅਣਸੁਰੱਖਿਅਤ ਹੋ ਸਕਦਾ ਹੈ। ਚੰਨੋ ਦਾ ਕਿਰਦਾਰ ਔਰਤ ਦੇ ਆਤਮ-ਸਮਰਪਣ ਅਤੇ ਆਤਮ-ਸੰਘਰਸ਼ ਦੀ ਮਿਸਾਲ ਹੈ। ਜਦੋਂ ਉਹ ਮਿਸਿਜ਼ ਪਾਰਕ ਨਾਲ ਗੱਲ ਕਰਦੀ ਹੈ, ਤਾਂ ਉਹ ਮਰਦ ਸੰਸਕਾਰ ਅਤੇ ਔਰਤ ਦੀ ਵਰਤਣਯੋਗ ਵਸਤੂ ਵਾਂਗ ਪਰਖ ਕੀਤੀ ਜਾਣ ਦੀ ਸੋਚ ਉੱਤੇ ਸਿੱਧਾ ਅਟੈਕ ਕਰਦੀ ਹੈ। ਗੁਰਦਾਸ, ਜੋ ਚੰਨੋ ਦਾ ਪਤੀ ਹੈ, ਆਪਣੇ ਸੁਪਨੇ ਵਿੱਚ ਇੱਕ ਦਿਨ ਆਮ ਪਿੰਡ ਦੇ ਨਿਵਾਸੀ ਤੋਂ "ਸਰਦਾਰ" ਬਣਨ ਦੀ ਵਿਉਂਤ ਬਣਾਉਂਦਾ ਹੈ। ਉਸ ਦੀ ਸੋਚ, ਉਸ ਦੀ ਗਰੀਬੀ ਤੇ ਉਸ ਦੀ ਇੱਛਾ ਇਹ ਸਭ ਨਾਵਲ ਵਿੱਚ ਆਮ ਪ੍ਰਵਾਸੀ ਨੌਜਵਾਨ ਦੀ ਮਨੋਸਥਿਤੀ ਨੂੰ ਦਰਸਾਉਂਦੇ ਹਨ। ਲੇਖਕ ਨੇ ਇੱਥੇ ਸਮਾਜ ਦੀ ਉੱਚ-ਨੀਚ, ਪੈਸੇ ਦੀ ਦੌੜ ਅਤੇ ਇਨਸਾਨੀ ਰਿਸ਼ਤਿਆਂ ਦੀ ਟੁੱਟ ਨੂੰ ਅਤਿਅੰਤ ਸੂਖਮਤਾ ਨਾਲ ਚਿੱਤਰਤ ਕੀਤਾ ਹੈ। ਗੁਰਦਾਸ ਦੇ ਸੁਪਨੇ ਵਿਚੋਂ ਝਲਕਦਾ ਹੈ ਕਿ ਕਿਵੇਂ ਆਮ ਨੌਜਵਾਨ ਰਾਜਨੀਤਿਕ, ਆਰਥਿਕ ਅਤੇ ਸਮਾਜਕ ਤਬਕਿਆਂ ਵਿਚ ਪੈਸੇ ਰਾਹੀਂ ਪਹੁੰਚ ਬਣਾਉਣ ਦੇ ਫਿਰਾਕ ਵਿੱਚ ਹੁੰਦੇ ਹਨ।

> *ਤਕਰੀਬਨ ਸਾਢੇ ਤਿੰਨ ਘੰਟੇ ਤੋਂ ਬਾਅਦ, ਉਸਨੇ ਹਰਮੇਸ਼ ਨੂੰ ਆਪਣੇ ਵੱਲ ਆਉਂਦਿਆਂ ਵੇਖਿਆ। ਉਸ ਦੇ ਮਗਰ ਇੱਕ ਕਾਲਾ ਕੁੱਤਾ ਵੀ ਆ ਰਿਹਾ ਸੀ। ਕੁੱਤਾ ਕਾਫੀ ਮੋਟਾ ਸੀ ਜਿਸ ਕਰਕੇ ਗੁਰਦਾਸ ਜ਼ਰਾ ਚੁਕੰਨਾ ਹੋ ਕੇ ਖੜ੍ਹਾ ਹੋ ਗਿਆ। ਹਰਮੇਸ਼ ਦੇ ਉਸ ਕੋਲ ਰੁਕਣ ਤੋਂ ਬਾਅਦ, ਕੁੱਤਾ ਸਿੱਧਾ ਅੱਗੇ ਨਿਕਲ ਗਿਆ। ਜਦੋਂ ਹਰਮੇਸ਼ ਉਹ ਦੇ ਬਿਲਕੁਲ ਨੇੜੇ ਆਇਆ, ਤਦ ਗੁਰਦਾਸ ਨੇ ਵੇਖਿਆ ਕਿ ਹਰਮੇਸ਼ ਨੂੰ ਸਾਹ ਚੜ੍ਹਿਆ ਹੋਇਆ ਸੀ। ਇਸ ਤੋਂ ਪਹਿਲਾਂ ਕਿ ਗੁਰਦਾਸ ਉਸ ਨੂੰ ਕੁਝ ਪੁੱਛਦਾ, ਉਹਨੇ ਗੁਰਦਾਸ ਨੂੰ ਕਿਹਾ, "ਨਿੱਕੇ ਵੀਰ, ਏਥੇ ਹੀ ਮੋਟਰ ਸਾਈਕਲ ਲਿਆ, ਜ਼ਰਾ ਨੱਸ ਕੇ। ".....*[4]

ਪੰਜਾਬੀ ਸਮਾਜ ਦੀਆਂ ਆਰਥਿਕ, ਨੈਤਿਕ ਅਤੇ ਮਨੋਵਿਗਿਆਨਕ ਹਕੀਕਤਾਂ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਪੇਸ਼ ਕੀਤਾ ਹੈ। ਨਾਵਲ ਵਿਚ ਦਰਸਾਇਆ ਗਿਆ ਚੰਨੋ ਦਾ ਜੀਵਨ-ਸੰਘਰਸ਼ ਦੋ ਕਿ ਇੱਕ ਆਮ ਪੰਜਾਬੀ ਨਾਰੀ ਦੇ ਪ੍ਰਵਾਸੀ ਅਨੁਭਵਾਂ ਦੀ ਪ੍ਰਤੀਨਿਧਤਾ ਕਰਦਾ ਹੈ ਜੋ ਸਿਰਫ਼ ਇੱਕ ਚੰਗੀ ਜ਼ਿੰਦਗੀ ਦੀ ਆਸ 'ਚ ਆਪਣੇ ਵਲੋਂ ਸਭ ਕੁਝ ਨਿਛਾਵਰ ਕਰ ਬੈਠਦੀ ਹੈ। ਨਾਵਲ ਦੀ ਭਾਸ਼ਾ ਆਮ ਲੋਕ ਜੀਵਨ ਨਾਲ ਜੁੜੀ ਹੋਈ, ਸਧਾਰਣ ਅਤੇ ਪ੍ਰਭਾਵਸ਼ਾਲੀ ਹੈ ਜੋ ਪਾਠਕ ਨੂੰ ਕਹਾਣੀ ਵਿੱਚ ਖਿੱਚ ਲੈਂਦੀ ਹੈ। ਚੰਨੋ ਦੇ ਪਾਤਰ ਰਾਹੀਂ ਲੇਖਕ ਨੇ ਪਿਤਰੀ ਸੰਸਕਾਰਾਂ, ਔਰਤ ਵਿਰੋਧੀ ਮਾਨਸਿਕਤਾ ਤੇ ਵਿਦੇਸ਼ਾਂ ਦੀ ਕਠਿਨ ਹਕੀਕਤ ਨੂੰ ਉਜਾਗਰ ਕੀਤਾ ਹੈ। ਚੰਨੋ ਦੇ ਸਰੀਰ ਤੇ ਮਨ ਉੱਤੇ ਹੋਏ ਜ਼ੁਲਮ, ਉਸਦੀ ਨਿਵੇਕਲੀ ਹਮਦਰਦੀ ਅਤੇ ਉਹਦੇ ਅੰਦਰ ਦਾ ਦਬਿਆ ਹੋਇਆ ਦੁੱਖ, ਪਾਠਕ ਦੇ ਦਿਲ ਨੂੰ ਛੂਹ ਜਾਂਦਾ ਹੈ। ਇਸੇ ਤਰ੍ਹਾਂ, ਗੁਰਦਾਸ ਦਾ ਕਿਰਦਾਰ ਇੱਕ ਆਮ ਪੰਜਾਬੀ ਨੌਜਵਾਨ ਦੇ ਪ੍ਰਤੀਕ ਰੂਪ ਵਿੱਚ ਸਾਹਮਣੇ ਆਉਂਦਾ ਹੈ, ਜੋ ਪਰਦੇਸ ਵਿਚ ਜਾ ਕੇ ਪੈਸਾ ਕਮਾਉਣ ਦੀ ਆਸ ਰੱਖਦਾ ਹੈ, ਪਰ ਉਹਦੀ ਸੋਚ ਵਿੱਚ ਲਾਲਚ, ਈਰਖਾ ਅਤੇ ਸਮਾਜਿਕ ਉੱਚੀ ਪਹੁੰਚ ਦੀ ਭੁੱਖ ਵਧ ਰਹੀ ਹੁੰਦੀ ਹੈ। ਉਸ ਦੇ ਸੁਪਨੇ ਸਿਰਫ਼ ਪੈਸਾ ਅਤੇ ਆਡੰਬਰ 'ਚ ਘੁੰਮਦੇ ਹਨ, ਜਿਸ ਰਾਹੀਂ ਲੇਖਕ ਨੇ ਆਧੁਨਿਕ ਸਮਾਜ ਦੇ ਪੈਸਾ ਕੇਂਦਰਤ ਜੀਵਨ ਦੀ ਆਲੋਚਨਾ ਕੀਤੀ ਹੈ। ਹਰਮੇਸ਼ ਅਤੇ ਨੀਲਮ ਵਰਗੇ ਪਾਤਰਾਂ ਰਾਹੀਂ ਨਾਵਲ ਵਿੱਚ ਨੈਤਿਕ ਪਤਨ, ਮੌਕਾ ਪਰਸਤੀ ਅਤੇ ਧੋਖਾਧੜੀ ਵਾਲੀ ਮਨੋਵ੍ਰਿੱਤੀ ਦਾ ਪਰਗਟਾਵਾ ਹੁੰਦਾ ਹੈ, ਜਿੱਥੇ ਸੰਬੰਧ ਵੀ ਲਾਭ-ਹਾਨੀ ਦੇ ਆਧਾਰ ਤੇ ਨਿਰਧਾਰਤ ਕੀਤੇ ਜਾਂਦੇ ਹਨ। ਵਿਦੇਸ਼ ਜਾਣ ਵਾਲੇ ਅਤੇ ਉੱਥੇ ਆਪਣਾ ਸਥਾਨ ਬਣਾਉਣ ਵਾਲੇ ਲੋਕਾਂ ਦੇ ਜੀਵਨ ਦੀ ਠੋਸ ਹਕੀਕਤ, ਕਿ ਉੱਥੇ ਨਾ ਸਿਰਫ਼ ਮਿਹਨਤ ਦੀ ਲੋੜ ਹੁੰਦੀ ਹੈ, ਸਗੋਂ ਕਈ ਵਾਰ ਇਨਸਾਨੀ ਅਸਮਾਨਤਾ, ਜਾਤੀਵਾਦ ਅਤੇ ਵਿਅਕਤੀਗਤ ਉਲੰਘਣਾ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ,ਇਹ ਨਾਵਲ ਦੇ ਕਈ ਦ੍ਰਿਸ਼ਾਂ ਵਿੱਚ ਬਖੂਬੀ ਵੇਖੀ ਜਾਂਦੀ ਹੈ। "ਕੀ ਖੱਟਿਆ ਪਰਦੇਸ" ਸਿਰਫ਼ ਇਕ ਵਿਅਕਤਿਗਤ ਕਹਾਣੀ ਨਹੀਂ, ਸਗੋਂ ਪੂਰੇ ਪੰਜਾਬੀ ਜਵਾਨੀ ਦੇ ਸੁਪਨਿਆਂ, ਉਡੀਕਾਂ ਅਤੇ ਅਸਫਲਤਾਵਾਂ ਦੀ ਸਮੂਹਿਕ ਕਹਾਣੀ ਹੈ। ਲੇਖਕ ਨੇ ਇਸ ਰਚਨਾ ਰਾਹੀਂ ਵਿਦੇਸ਼ੀ ਜ਼ਿੰਦਗੀ ਦੀ ਚਮਕਦਾਰ ਲਕੜੀ ਦੇ ਅੰਦਰ ਲੁਕੇ ਹੋਏ ਦੀਮਕ ਨੂੰ ਸਮੇਤਕੇ ਪੇਸ਼ ਕੀਤਾ ਹੈ। ਆਖਰਕਾਰ, ਇਹ ਨਾਵਲ ਸਾਨੂੰ ਇਹ ਸੋਚਣ 'ਤੇ ਮਜਬੂਰ ਕਰਦਾ ਹੈ ਕਿ ਕੀ ਅਸੀਂ ਪਰਦੇਸ ਚੋਂ ਖੱਟੀ ਹੋਈ ਥੋਸ ਅੱਗੇ ਕੁਝ ਜ਼ਿੰਦਗੀ ਦੇ ਅਰਥ ਵੀ ਖੱਟ ਰਹੇ ਹਾਂ ਜਾਂ ਸਿਰਫ਼ ਪੈਸਾ, ਆਡੰਬਰ ਅਤੇ ਸੁਪਨਿਆਂ ਦੀ ਝੂਠੀ ਦੁਨੀਆ ਬਣਾਈ ਹੋਈ ਹੈ।

> *ਉਸ ਦੇ ਨਾਲ ਪੜ੍ਹਨ ਵਾਲਾ ਇੱਕ ਪੰਜਾਬੀ ਮੁੰਡਾ ਹਰਮੇਲ ਸਿੰਘ ਇੱਕ ਦੋਸਤ ਦੇ ਤੌਰ ਤੇ ਚੰਨੋ ਦੇ ਨੇੜੇ ਆ ਗਿਆ। ਅਸਲ ਵਿੱਚ ਪਹਿਲਾਂ ਉਹ ਜ਼ਿਆਦਾ ਜੈਫ ਦੇ ਨੇੜੇ ਆਇਆ ਸੀ। ਕਾਲਜ ਵਿੱਚ ਬ੍ਰੇਕ ਵੇਲੇ ਉਹ ਤਿੰਨੋਂ ਇਕੱਠੇ ਹੀ ਬੈਠਦੇ ਸੀ। ਇੱਕ ਤਰ੍ਹਾਂ ਨਾਲ ਉਨ੍ਹਾਂ ਦੀ ਆਪੋ ਵਿੱਚ ਚੰਗੀ ਬਣਦੀ ਸੀ। ....*[5]

ਲੇਖਕ ਨੇ ਚੰਨੋ ਦੇ ਵਿਦੇਸ਼ੀ ਜੀਵਨ ਵਿਚਲੇ ਇੱਕ ਹੋਰ ਪਹਿਲੂ ਨੂੰ ਦਰਸਾਉਂਦਿਆਂ, ਉਸਦੇ ਸਿੱਖਿਆਕਾਲ ਅਤੇ ਨਵੀਂ ਸਾਂਝਾਂ ਦੀ ਪੇਸ਼ਕਸ਼ ਕੀਤੀ ਹੈ। ਹਰਮੇਲ ਸਿੰਘ ਦੇ ਪਾਤਰ ਰਾਹੀਂ ਇੱਕ ਸੰਵੇਦਨਸ਼ੀਲ, ਸਾਥੀ ਮਾਨਸਿਕਤਾ ਵਾਲਾ ਵਿਅਕਤੀ ਸਾਹਮਣੇ ਆਉਂਦਾ ਹੈ, ਜੋ ਚੰਨੋ ਨਾਲ ਇੱਕ ਦੋਸਤ ਵਜੋਂ ਨਿਕਟਤਾ ਬਣਾਉਂਦਾ ਹੈ। ਇਹ ਦ੍ਰਿਸ਼ ਚੰਨੋ ਦੀ ਮਜਬੂਰੀ, ਆਰਥਿਕ ਕਮਜ਼ੋਰੀ ਅਤੇ ਸਤਿਕਾਰਪੂਰਕ ਰਿਸ਼ਤਿਆਂ ਦੀ ਲੋੜ ਨੂੰ ਬਹੁਤ ਸੂਝਵਾਨੀ ਨਾਲ ਦਰਸਾਉਂਦਾ ਹੈ। ਲੇਖਕ ਨੇ ਬਹੁਤ ਹੀ ਸੁਭਾਅਵਿਕ ਢੰਗ ਨਾਲ ਵਿਦੇਸ਼ ਵਿੱਚ ਪੜ੍ਹਾਈ ਕਰ ਰਹੀ ਇਕ ਆਰਥਿਕ ਤੌਰ ਤੇ ਦਬੀ ਹੋਈ ਕੁੜੀ ਦੀ ਹਕੀਕਤ ਨੂੰ ਉਜਾਗਰ ਕੀਤਾ ਹੈ, ਜੋ ਸਵਾਲ ਕਰਦੀ ਹੈ ਕਿ "ਪ੍ਰਗਤੀ" ਦੀ ਦੌੜ ਵਿੱਚ ਔਰਤਾਂ ਨੂੰ ਕਿੰਨਾ ਆਤਮਨਿਰਭਰ ਬਣਾਇਆ ਗਿਆ ਹੈ ਜਾਂ ਬਣਨ ਦੇ ਦਾਅਵੇ ਕੀਤੇ ਜਾਂਦੇ ਹਨ। ਚੰਨੋ ਜੈਫ ਕੋਲੋਂ ਪੈਸੇ ਮੰਗਣ ਦੀ ਝਿਜਕ ਮਹਿਸੂਸ ਕਰਦੀ ਹੈ, ਜੋ ਕਿ ਪੁਰਖ-ਮਹਿਲਾ ਸੰਬੰਧਾਂ ਵਿਚਲੀ ਸੰਵੇਦਨਸ਼ੀਲ ਹੱਦਾਂ ਨੂੰ ਦਰਸਾਉਂਦਾ ਹੈ, ਪਰ ਦੋਸਤੀ ਦੀ ਆਧਾਰਤ ਨਿਰਭਰਤਾ ਨਾਲ ਉਹ ਹਰਮੇਲ ਨੂੰ ਚੁਣਦੀ ਹੈ। ਇਹ ਪੈਰਾ ਚੰਨੋ ਦੇ ਆਤਮ-ਸਨਮਾਨ ਅਤੇ ਮਰਯਾਦਾ ਦੇ ਜ਼ੋਰ ਨੂੰ ਰੇਖਾਂਕਿਤ ਕਰਦਾ ਹੈ ਕਿ ਉਹ ਕਿਵੇਂ ਸਹੀ/ਸੁਰੱਖਿਅਤ ਸੰਬੰਧਾਂ ਦੀ ਚੋਣ ਕਰਦੀ ਹੈ। ਟਰਿੱਪ, ਹਾਈ ਕਿੰਗ ਅਤੇ ਫਿਸ਼ਿੰਗ ਵਰਗੀਆਂ ਗਤੀਵਿਧੀਆਂ ਰਾਹੀਂ ਵਿਦੇਸ਼ੀ ਸੱਭਿਆਚਾਰ ਅਤੇ ਵਿਦਿਆਰਥੀ ਜੀਵਨ ਦੀ ਰੰਗੀਨਤਾ ਨੂੰ ਵੀ ਰੋਮਾਂਚਕ ਤਰੀਕੇ ਨਾਲ ਦਰਸਾਇਆ ਗਿਆ ਹੈ। ਪਰ ਇਸ ਦੇ ਨਾਲ-ਨਾਲ, ਲੇਖਕ ਸੰਕੇਤ ਕਰਦਾ ਹੈ ਕਿ ਵਿਦੇਸ਼ੀ ਰੁਤਬਾ ਅਤੇ ਆਜ਼ਾਦੀ ਦੇ ਪਿੱਛੇ ਇਕੱਲੇਪਨ, ਆਰਥਿਕ ਭਾਰ ਅਤੇ ਵਿਅਕਤੀਗਤ ਜ਼ਿੰਮੇਵਾਰੀਆਂ ਦਾ ਸੱਚ ਵੀ ਹੈ। ਇਹ ਟਰਿੱਪ ਪਾਠਕ ਨੂੰ ਵਿਦੇਸ਼ੀ ਸਿਖਲਾਈ ਦੇ ਔਪਚਾਰਿਕ ਪਾਸੇ ਨਾਲ ਨਾਲ ਵਿਦੇਸ਼ੀ ਸਮਾਜਿਕ ਢਾਂਚੇ, ਨਵੇਂ ਰਿਸ਼ਤੇ, ਅਤੇ ਵਿਅਕਤਿਗਤ ਅਸਥਿਰਤਾਵਾਂ ਦਾ ਇੱਕ ਗੂੜ੍ਹਾ ਅਹਿਸਾਸ ਕਰਾਉਂਦੀ ਹੈ। ਮੁੰਡਿਆਂ ਅਤੇ ਕੁੜੀਆਂ ਵਿਚਕਾਰ ਸੰਵਾਦ ਅਤੇ ਇਕੱਠ ਰਹਿਣ ਦੀ ਸੰਭਾਵਨਾ ਇਕ ਪਾਸੇ ਖੁਲ੍ਹਾਪਣ ਅਤੇ ਭਰੋਸੇ ਨੂੰ ਦਰਸਾਉਂਦੀ ਹੈ, ਪਰ ਦੂਜੇ ਪਾਸੇ ਇਹ ਆਧੁਨਿਕ ਸਿੱਖਿਆਕ ਪਰਿਵਾਰ ਵਿੱਚ ਨੈਤਿਕਤਾ, ਸਿਮਾਵਾਂ ਅਤੇ ਵਿਅਕਤਿਤਵਕ ਨਿਰਣਾ ਦੀਆਂ ਅਹਿਮਤਾ ਨੂੰ ਵੀ ਚੁਣੌਤੀ ਦਿੰਦੀ ਹੈ। ਪੈਸਿਆਂ ਦੀ ਗੱਲ ਇੱਥੇ ਇੱਕ ਕੇਂਦਰੀ ਮੁਦਾ ਬਣ ਕੇ ਸਾਹਮਣੇ ਆਉਂਦਾ ਹੈ—ਜੇ ਚੰਨੋ ਕੋਲ ਪੈਸੇ ਹੁੰਦੇ ਤਾਂ ਕਾਫ਼ੀ ਕੁਝ ਹੋਰ ਹੋ ਸਕਦਾ ਸੀ। ਨਤੀਜੇ ਵਜੋਂ, ਇਹ ਪੈਰਾ ਵਿਦੇਸ਼ੀ ਜੀਵਨ ਦੇ ਚਮਕਦਾਰ ਪਹਿਲੂਆਂ ਦੇ ਪਿੱਛੇ ਲੁਕੇ ਵਿਅਕਤਿਗਤ ਸੰਘਰਸ਼ਾਂ ਅਤੇ ਅਣਸੁਣੀਆਂ ਲੋੜਾਂ ਨੂੰ ਨਿਰਪੱਖਤਾ ਨਾਲ ਦਰਸਾਉਂਦਾ ਹੈ।

> *ਉਹ ਕੀ ਕਰਦਾ ਸੀ ਤੇ ਕਿੱਥੇ ਜਾਂਦਾ ਸੀ, ਮੈਨੂੰ ਕੋਈ ਪਤਾ ਨਹੀਂ ਸੀ ਤੇ ਨਾ ਕੁਝ ਜਾਣਨ ਬਾਰੇ ਮੈਂ ਉਹਨੂੰ ਕਦੇ ਪੁੱਛਿਆ ਸੀ। ਬਾਅਦ ਵਿੱਚ ਪਤਾ ਲੱਗਿਆ ਕਿ ਜਿਸ ਕੋਲ ਉਹ ਜਾਂਦਾ ਸੀ, ਉਹ ਇੱਕ ਵਿਆਹੁਤਾ ਔਰਤ ਸੀ ਤੇ ਉਹ ਮੇਰੇ ਬੌਸ ਦੀ ਪੁਰਾਣੀ ਯਾਰ ਸੀ। ਬੌਸ ਉਸ ਨਾਲ ਵਿਆਹ ਕਰਵਾਉਣਾ ਚਾਹੁੰਦਾ ਸੀ, ਪਰ ਉਨ੍ਹਾਂ ਦੇ ਵਿਚਕਾਰ ਸ਼ਾਇਦ ਜਾਤ ਆ ਗਈ ਸੀ। ਉਹ ਔਰਤ ਬ੍ਰਾਹਮਣ ਸੀ ਤੇ ਮੇਰਾ ਬੌਸ ਸੁਨਿਆਰ...* [6]

ਨਾਵਲ ਸਮਾਜਿਕ ਅਤੇ ਨੈਤਿਕ ਸੰਕਟਾਂ ਦੀ ਗਹਿਰੀ ਝਲਕ ਪੇਸ਼ ਕਰਦਾ ਹੈ, ਜਿਸ ਵਿੱਚ ਪਿਆਰ, ਧੋਖਾ, ਜਾਤੀਵਾਦ ਅਤੇ ਹਿੰਸਾ ਦੀ ਤਕਰਾਰ ਇਕ ਸੱਚਾਈ ਵਜੋਂ ਉੱਭਰਦੀ ਹੈ। ਲੇਖਕ ਨੇ ਸੰਵਾਦ ਦੇ ਰੂਪ ਵਿੱਚ ਇੱਕ ਐਸੀ ਘਟਨਾ ਚਿੱਤਰਿਤ ਕੀਤਾ ਹੈ ਜੋ ਮਾਤਰ ਨਿਜੀ ਜੀਵਨ ਦੀ ਨਹੀਂ, ਸਗੋਂ ਸਮਾਜਿਕ ਢਾਂਚੇ ਦੀ ਵੀ ਪੜਤਾਲ ਕਰਦੀ ਹੈ। ਪਾਤਰ ਨੂੰ ਪਤਾ ਹੀ ਨਹੀਂ ਕਿ ਉਸਦਾ ਦੋਸਤ ਜਾਂ ਸਾਥੀ ਕਿੱਥੇ ਜਾਂਦਾ ਹੈ, ਉਹ ਦੱਸਦਾ ਹੈ ਕਿ ਰਿਸ਼ਤਿਆਂ ਵਿੱਚ ਟੁੱਟਣ ਵਾਲੀ ਵਿਸ਼ਵਾਸ ਦੀ ਕਮੀ ਕਿੰਨੀ ਗੰਭੀਰ ਹੋ ਸਕਦੀ ਹੈ। ਜਿਸ ਔਰਤ ਕੋਲ ਉਹ ਜਾਂਦਾ ਸੀ, ਉਹ ਵਿਆਹੁਤਾ ਸੀ ਤੇ ਇਸ ਨਾਲ ਨੈਤਿਕਤਾ ਦੀ ਇੱਕ ਤਕਰਾਰ ਖੜੀ ਹੁੰਦੀ ਹੈ। ਲੇਖਕ ਜਾਤੀਵਾਦ ਦੀ ਗੂੜੀ ਸੱਚਾਈ ਨੂੰ ਵੀ ਉਘਾੜਦਾ ਹੈ ਇੱਕ ਬ੍ਰਾਹਮਣ ਔਰਤ ਅਤੇ ਸੁਨਿਆਰ ਪੁਰਸ਼ ਦੇ ਰਿਸ਼ਤੇ ਨੂੰ ਸਮਾਜ ਨੇ ਕਬੂਲ ਨਹੀਂ ਕੀਤਾ। ਇਹ ਜਾਤਪਾਤ ਦਾ ਭੇਦਭਾਵ

ਵਿਅਕਤੀਗਤ ਜੀਵਨ ਦੀਆਂ ਵਧਦੀਆਂ ਉਲਝਣਾਂ ਨੂੰ ਹੋਰ ਵਧਾ ਦਿੰਦਾ ਹੈ। ਘਟਨਾ ਦੇ ਆਖ਼ਰੀ ਹਿੱਸੇ ਵਿੱਚ ਅਜੀਤ ਅਤੇ ਬੌਸ ਵਿਚਾਲੇ ਹਿੰਸਾਤਮਕ ਟਕਰਾਅ ਅਤੇ ਇਸ ਦੌਰਾਨ ਔਰਤ ਦੁਆਰਾ ਕੀਤੀ ਹੱਤਿਆ ਦੀ ਕੋਸ਼ਿਸ਼ ਇੱਕ ਅਨੁਮਾਨਿਤ "ਸਵੈ-ਰੱਖਿਆ" ਦੀ ਕਹਾਣੀ ਵਜੋਂ ਦਰਸਾਈ ਗਈ ਹੈ, ਜੋ ਕਿ ਪੜਤਾਲ ਯੋਗ ਮੋੜ ਹੈ। ਲੇਖਕ ਇੱਥੇ ਸਪੱਸ਼ਟ ਤੌਰ 'ਤੇ ਪੜ੍ਹਨ ਵਾਲੇ ਨੂੰ ਇੱਕ ਅਨਿਸ਼ਚਿਤਤਾ ਵਿੱਚ ਛੱਡ ਦਿੰਦਾ ਹੈ "ਸ਼ਾਇਦ ਉਹ ਡਰ ਗਈ ਹੋਵੇ" ਜਾਂ "ਰੱਬ ਜਾਣੇ" ਵਰਗੇ ਸ਼ਬਦ ਪਾਠਕ ਨੂੰ ਸੋਚਣ ਲਈ ਮਜਬੂਰ ਕਰਦੇ ਹਨ ਕਿ ਇਨਸਾਨੀ ਰਵਾਇਤਾਂ, ਲਾਲਸਾ ਅਤੇ ਸੰਕਟ ਸਥਿਤੀਆਂ ਵਿੱਚ ਕਿਵੇਂ ਕਈ ਵਾਰੀ "ਸਹੀ" ਜਾਂ "ਗਲਤ" ਦੀ ਸੋਚ ਧੁੰਦਲੀ ਹੋ ਜਾਂਦੀ ਹੈ। ਇਸ ਪੈਰੇ ਵਿੱਚ ਪਿਆਰ ਦੀ ਨਿਰਭਰਤਾ ਤੇ ਅਧਿਕਾਰ ਦੀ ਭਾਵਨਾ ਹਿੰਸਾ ਵਿਚ ਤਬਦੀਲ ਹੋ ਜਾਂਦੀ ਹੈ, ਜੋ ਕਿ ਆਧੁਨਿਕ ਸੰਬੰਧਾਂ ਦੀਆਂ ਕਮਜ਼ੋਰੀਆਂ ਅਤੇ ਉਨ੍ਹਾਂ ਦੇ ਨਤੀਜਿਆਂ ਨੂੰ ਦਰਸਾਉਂਦੀ ਹੈ। ਇਹ ਸਿਰਫ ਇਕ ਵਿਅਕਤੀਗਤ ਤਰੱਕੀ ਦੀ ਨਹੀਂ, ਸਗੋਂ ਸਮਾਜਿਕ ਵਿਗਾੜ ਦੀ ਵੀ ਚਿੱਤਰਕਾਰੀ ਹੈ। ਇਹ ਪੈਰਾ ਨੈਤਿਕ ਮੁੱਲਾਂ ਦੇ ਪਤਨ ਦੀ ਗਾਥਾ, ਵਿਸ਼ਵਾਸ ਦਾ ਖਤਮ ਹੋਣ ਅਤੇ ਜਾਤੀ ਕਥਾ ਤੇ ਪੁਰਾਣੀ ਸੋਚ ਦਾ ਇੱਕ ਦਰਪਣ ਹੈ।

> *ਕਦੇ ਕਦਾਈਂ ਉਹਦਾ ਮਨ ਡੋਲ ਵੀ ਜਾਂਦਾ ਰਿਹਾ। ਇਸੇ ਪ੍ਰਸੰਗ ਵਿੱਚ ਇੱਕ ਵਾਰ ਬਠਿੰਡੇ ਵਾਲੇ ਕਰਤਾਰੇ ਨੇ ਉਹਨੂੰ ਇੰਝ ਸਮਝਾਇਆ, "ਉਨ੍ਹਾਂ ਵਿਚਾਰੀਆਂ ਦਾ ਗੁਜ਼ਰ ਹੋ ਜਾਂਦਾ ਹੈ ਤੇ ਸਾਡੀ ਸਰੀਰਕ ਭੁੱਖ ਪੂਰੀ ਹੋ ਜਾਂਦੀ ਹੈ ਸ਼ੇਰਾ... ਭਲਾਂ ਇਸ ਵਿੱਚ ਕੀ ਗੁਨਾਹ ਹੋਇਆ? ਹੈ? ਆਪਣੇ ਸ਼ਹਿਰਾਂ ਪਿੰਡਾਂ ਵਿੱਚ ਲੁਕ ਛਿਪ ਅਜਿਹੇ ਮਾਮਲੇ ਚੱਲਦੇ ਰਹਿੰਦੇ ਹਨ...*[7]

ਨਾਵਲ ਇੱਕ ਭਿਆਨਕ ਸਮਾਜਿਕ ਹਕੀਕਤ ਦੀ ਪੜਤਾਲ ਕਰਦਾ ਹੈ ਜੋ ਗਰੀਬੀ, ਲਿੰਗ ਵਾਦ ਅਤੇ ਮਨੁੱਖੀ ਮਰਿਆਦਾ ਨਾਲ ਜੁੜੀ ਹੋਈ ਹੈ। ਲੇਖਕ ਨੇ ਇੱਕ ਪਾਤਰ ਕਰਤਾਰੇ ਰਾਹੀਂ ਔਰਤਾਂ, ਖਾਸ ਕਰਕੇ ਗਰੀਬ ਤੇ ਮਜਬੂਰ ਔਰਤਾਂ ਪ੍ਰਤੀ, ਪਿੱਤਰ ਸੱਤਾ ਅਤੇ ਆਤਮਾ ਦੇ ਖੋਖਲੇ ਪੱਖ ਦੀ ਮਾਨਸਿਕਤਾ ਨੂੰ ਵਿਖਾਇਆ ਹੈ। ਉਸਦੀ ਭਾਸ਼ਾ ਵਿੱਚ "ਸਰੀਰਕ ਭੁੱਖ", "ਸਵਰਗ ਦਾ ਝੂਟਾ", "ਮਲੂਕੜੀਆਂ", "ਸਾਊ ਕੁੜੀਆਂ" ਵਰਗੇ ਸ਼ਬਦ ਦਰਸਾਉਂਦੇ ਹਨ ਕਿ ਔਰਤਾਂ ਨੂੰ ਇੱਕ ਮਨੋਰੰਜਨ ਦੀ ਵਸਤੂ ਮੰਨਿਆ ਜਾਂਦਾ ਹੈ, ਜਿਸ ਉੱਤੇ ਉਨ੍ਹਾਂ ਦੀ ਲਾਗਾਤਾਰ ਸਰੀਰਕ ਤ੍ਰਿਸ਼ਣਾ ਨਿਰਭਰ ਕਰਦੀ ਹੈ। ਇਹ ਦਰਸਾਉਂਦਾ ਹੈ ਕਿ ਕਿਵੇਂ ਕੁਝ ਲੋਕ ਮਜ਼ਬੂਰੀ ਦੀ ਹਾਲਤ ਵਿੱਚ ਜੀ ਰਹੀਆਂ ਔਰਤਾਂ ਦੇ ਦੁੱਖਾਂ ਨੂੰ ਆਪਣੇ ਮਕਸਦ ਲਈ ਜਾਇਜ਼ ਠਹਿਰਾਉਂਦੇ ਹਨ। ਕਰਤਾਰੇ ਦੇ ਸੰਵਾਦ, ਜਿਵੇਂ "ਉਹ ਵੀ ਤਰ੍ਹਾਂ ਤਰ੍ਹਾਂ ਦੇ ਮੂਰਖ ਗਧਿਆਂ ਅੱਗੇ...", ਔਰਤਾਂ ਦੀ ਚੋਣ ਅਤੇ ਅਸਮਾਨਤਾ ਨੂੰ ਨਜ਼ਰਅੰਦਾਜ਼ ਕਰਦੇ ਹੋਏ, ਉਨ੍ਹਾਂ ਨੂੰ ਸਿਰਫ ਇਕ ਸਰੀਰਕ ਲੋੜ ਪੂਰੀ ਕਰਨ ਵਾਲਾ ਸਾਧਨ ਮੰਨਦੇ ਹਨ। ਇਹ ਵਿਅਕਤੀਕਤ ਨਜ਼ਰੀਆ ਨਾ ਸਿਰਫ ਔਰਤ ਵਿਰੋਧੀ ਹੈ, ਸਗੋਂ ਇਹ ਸਮਾਜਿਕ ਤੌਰ 'ਤੇ ਨੈਤਿਕ ਤਬਾਹੀ ਨੂੰ ਦਰਸਾਉਂਦਾ ਹੈ ਜੋ ਗਰੀਬੀ ਦੀ ਵਿਸ਼ਵਿਆਪਕ ਸਮੱਸਿਆ ਦੇ ਨਾਲ ਮਿਲ ਕੇ ਹੋਰ ਵੀ ਭਿਆਨਕ ਬਣ ਜਾਂਦੀ ਹੈ। ਸਭ ਤੋਂ ਖਤਰਨਾਕ ਗੱਲ ਇਹ ਹੈ ਕਿ ਇਹ ਭਾਸ਼ਾ ਮਾਨਵਤਾ ਦੇ ਵਿਰੁੱਧ ਹੈ। ਉਹ ਜਿਨ੍ਹਾਂ ਔਰਤਾਂ ਦੀਆਂ ਦੁਖਦਾਈ ਹਾਲਾਤਾਂ ਹੋਣ ਦੇ ਬਾਵਜੂਦ 'ਭੋਲੀਆਂ', 'ਮਲੂਕੜੀਆਂ' ਆਖ ਕੇ ਗਲਤ ਪ੍ਰਸੰਗ ਵਿੱਚ ਪੇਸ਼ ਕਰਦਾ ਹੈ। ਲੇਖਕ ਇੱਥੇ ਚੁਪਚਾਪ ਇਸ ਸਮਾਜਿਕ ਵਿਡੰਬਣਾ ਦੀ ਅਲੋਚਨਾ ਕਰ ਰਿਹਾ ਹੈ ਕਿ ਕਿਵੇਂ ਕੁਝ ਪਾਤਰ ਨੈਤਿਕਤਾ ਨੂੰ ਆਪਣੀ ਹਵਸ ਦੇ ਅੱਗੇ ਰੋਲ ਦਿੰਦੇ ਹਨ। ਇਹ ਪੈਰਾ ਪਾਠਕ ਨੂੰ ਚੁਪਚਾਪ ਰੋਜ਼ਾਨਾ ਹੋ ਰਹੇ ਅਨਿਆਂ ਦੀ ਯਾਦ ਦਿਵਾਉਂਦਾ ਹੈ ਜੋ ਕਿਸੇ ਦੇ ਲਾਭ ਲਈ ਕਿਸੇ ਦੀ ਲਾਜ, ਮਜ਼ਬੂਰੀ ਅਤੇ ਜੀਵਨ ਦੀ ਪਵਿੱਤਰਤਾ ਨੂੰ ਤੋੜ ਦਿੰਦੇ ਹਨ।

> *ਲੱਛਮੀ ਅਕਸਰ ਸੋਚਦੀ, "ਗੁਰਦਾਸ ਜੀ ਦੀ ਇੱਕ ਹੋਰ ਪਤਨੀ ਹੈ, ਦੇਰ ਤੋਂ ਕਨੇਡਾ ਇਕੱਲੀ ਰਹਿ ਰਹੀ ਹੈ ਤੇ ਐਨੀ ਦੂਰ ਰਹਿ ਕੇ ਇਨ੍ਹਾਂ ਦੀ ਕਿੱਥੇ ਨਿਭੇਗੀ ਤੇ ਇੱਕ ਦਿਨ ਸ਼ਾਇਦ ਉਹ ਮੈਨੂੰ ਹੀ ਸ਼ਰੇਆਮ ਅਪਣਾ ਲੈਣ, ਕਿਉਂਕਿ ਉਹ ਮੇਰਾ ਤੇ ਮੇਰੇ ਬੱਚਿਆਂ ਦਾ ਬਹੁਤ ਖ਼ਿਆਲ ਕਰਦੇ ਆ ਰਹੇ ਹਨ ...*[8]

ਲੱਛਮੀ ਦੇ ਮਨ ਦੇ ਵਿਚਾਰ ਉਸ ਦੀ ਅਧੂਰੀ ਵਿਆਹਿਕ ਜ਼ਿੰਦਗੀ, ਆਤਮਿਕ ਤ੍ਰਿਸ਼ਣਾ ਅਤੇ ਸੰਵੇਦਨਸ਼ੀਲ ਖ਼ੁਸ਼ੀਆਂ ਦੀ ਪ੍ਰਤੀਕ ਹੈ। ਉਹ ਗੁਰਦਾਸ ਦੀ ਮਾਇਆਵਾਦੀ ਪਰਵਿਰਤੀ ਅਤੇ ਭਾਵਨਾਤਮਕ ਸੰਬੰਧ ਵਿੱਚ ਫੰਸੀ ਹੋਈ ਔਰਤ ਦੀ ਮਾਨਸਿਕ ਹਾਲਤ ਨੂੰ ਦਰਸਾਉਂਦੀ ਹੈ, ਜਿੱਥੇ ਉਹ ਆਪਣੇ ਭਵਿੱਖ ਦੀ ਉਮੀਦਾਂ ਨੂੰ ਇੱਕ ਵਿਅਕਤੀ 'ਤੇ ਨਿਰਭਰ ਕਰਦੀ ਹੈ, ਜੋ ਅਸਲ ਵਿੱਚ ਵਿਆਹੀਆਂ ਹੋਇਆਂ ਹੈ। ਲੱਛਮੀ, ਜੋ ਇੱਸ ਪੱਖੋਂ ਮਜ਼ਬੂਰੀ ਵਿਚ ਗੁਰਦਾਸ ਦੀ ਕਰੁਣਾ ਅਤੇ ਸਹਾਰੇ ਨੂੰ ਆਪਣਾ ਹੱਕ ਮੰਨਦੀ ਹੈ, ਉੱਥੇ ਹੀ ਦੂਜੇ ਪਾਸੇ ਉਸ ਦੀ ਨੈਤਿਕ ਅਤੇ ਜ਼ਮੀਰ ਅਜੇ ਵੀ ਦਿਲੋਂ ਗੁਆਹੀ ਦੇ ਰਿਹਾ ਹੈ ਕਿ ਇਹ ਰਿਸ਼ਤਾ ਆਪ੍ਰਮਾਣਿਤ ਹੈ। ਗੁਰਦਾਸ ਦੀ ਦਾਨਸ਼ੀਲਤਾ ਜਿਵੇਂ ਕਿ ਲੱਛਮੀ ਲਈ ਕੱਪੜੇ, ਗਹਿਣੇ ਖ਼ਰੀਦਣਾ, ਭਰਾਵਾਂ ਨੂੰ ਕੰਮ ਉੱਤੇ ਲਗਾਉਣਾ ਉਸ ਦੀ ਸੰਵੇਦਨਾ ਤੋਂ ਜ਼ਿਆਦਾ ਇੱਕ ਸੰਭਾਵੀ ਲਾਲਚ ਜਾਂ ਦਬਦਬੇ ਦੀ ਰਣਨੀਤੀ ਹੈ। ਇਸ ਸੰਬੰਧ ਦੇ ਰਾਹੀਂ ਲੇਖਕ ਆਮ ਪੰਜਾਬੀ ਪਰਿਵਾਰਕ ਢਾਂਚੇ, ਵਿਦੇਸ਼ੀ ਸੁਪਨਿਆਂ ਅਤੇ ਆਰਥਿਕ ਸੁਰੱਖਿਆ ਵਿਚ ਔਰਤ ਦੀ ਭੂਮਿਕਾ ਤੇ ਉਸ ਦੀ ਆਤਮਿਕ ਮੁਕਤੀ ਦੀ ਖੋਜ ਕਰਦਾ ਹੈ। ਲੱਛਮੀ ਜਿਹੀ ਔਰਤ ਨੂੰ ਆਪਣੇ ਮੂਲ ਘਰ ਵਿੱਚ ਕਦੇ ਇੱਜ਼ਤ ਨਹੀਂ ਮਿਲੀ, ਜਿੱਥੇ ਪਤੀ ਨੇ ਉਸ ਨੂੰ "ਲਾਲੇ ਨਾਲ ਮਜਬੂਰਨ ਸੌਣ ਲਈ" ਤਿਆਰ ਕੀਤਾ, ਉੱਥੇ ਗੁਰਦਾਸ ਦੀ ਹਮਦਰਦੀ ਉਸ ਲਈ ਆਸ਼ਰਾ ਬਣੀ, ਪਰ ਇਹ ਆਸ਼ਰਾ ਵੀ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ। ਲੇਖਕ ਇੱਥੇ ਸੰਕੇਤ ਕਰਦਾ ਹੈ ਕਿ ਪਰਦੇਸ ਜਾਣ ਦੀ ਲਾਲਸਾ ਕਈ ਵਾਰ ਘਰ ਦੀਆਂ ਕੰਧਾਂ ਵਿਚ ਹੀ ਮਲਿਆਮੈਟ ਹੋ ਜਾਂਦੀ ਹੈ ਜਦੋਂ ਸਥਿਤੀਆਂ ਅਤੇ ਸੰਬੰਧ ਨਵੀਂ ਮੂਰਤ ਲੈ ਲੈਂਦੇ ਹਨ। "ਗੁਰਦਾਸ ਹੁਣ ਬਹੁਤ ਖੁਸ਼ ਸੀ ਤੇ ਕਨੇਡਾ ਜਾਣ ਬਾਰੇ ਜਿਵੇਂ ਉਹ ਭੁੱਲ ਹੀ ਗਿਆ ਹੋਵੇ!"ਇਹ ਪੰਕਤੀ ਦਰਸਾਉਂਦੀ ਹੈ ਕਿ ਪਰਦੇਸ ਦੀ ਧੁਨ, ਜੋ ਕਿਸੇ ਸਮੇਂ ਗੁਰਦਾਸ ਲਈ ਸਭ ਕੁਝ ਸੀ, ਹੁਣ ਥਾਂ-ਥਾਂ ਤੇ ਬਦਲ ਗਈ ਹੈ। ਇਹ ਕਹਾਣੀ ਭਾਵਨਾਵਾਂ, ਲਾਲਸਾ, ਆਰਥਿਕ ਉਲਝਣਾਂ ਅਤੇ ਨੈਤਿਕ ਉਲਝਣਾਂ ਦੀ ਇੱਕ ਲਾਈਵ ਚਿੱਤਰਕਾਰੀ ਹੈ, ਜੋ ਪਾਠਕ ਨੂੰ ਲੱਛਮੀ ਦੇ ਜ਼ਰੀਏ ਆਮ ਪਿੰਡ ਦੀ ਔਰਤ ਦੀ ਅੰਦਰੂਨੀ ਹਾਲਤ ਅਤੇ ਉਹਦੇ ਅਧੂਰੇ ਸੁਪਨਿਆਂ ਨਾਲ ਰੂ-ਬ-ਰੂ ਕਰਵਾਉਂਦੀ ਹੈ।

> *ਚੰਨੋ ਅੱਖਾਂ ਮੀਚੀ ਇੱਕ ਪਾਸੇ ਨੂੰ ਲੁਟਕੀ ਪਈ ਰਹੀ। ਉਸ ਨੂੰ ਅਜੀਬ ਜਿਹਾ ਹੋ ਰਿਹਾ ਸੀ। ਉਹਨੂੰ ਵੇਖ ਕੇ ਉਹ ਫੇਰ ਖੁੱਲ੍ਹ ਕੇ ਮੁਸਕਰਾਇਆ। ਬੂਟੇ ਆ ਪਤਾ ਨਹੀਂ ਕਦ ਚੰਨੋ ਨੂੰ ਫੇਰ ਸੁਪਨਾ ਆਇਆ, ਜਿਵੇਂ ਉਸ ਨਾਲ ਕੋਈ ਘੁਲ ਰਿਹਾ ਹੋਵੇ....ਤੇ ਫੇਰ ਉਹ ਉਸ ਦੇ ਭਾਰ ਹੇਠ ਆ ਗਈ ਹੋਵੇ.....ਫੇਰ ਉਹ ਜਿਵੇਂ ਉਸ ਦੇ ਭਾਰ ਹੇਠ ਕੁਚਲੀ ਜਾਣ ਲੱਗ ਪਈ ਹੋਵੇ...*[9]

ਚੰਨੋ ਦੇ ਮਨੋਵਿਗਿਆਨਕ ਸੰਘਰਸ਼, ਸਰੀਰਕ ਸ਼ੋਸ਼ਣ ਅਤੇ ਨੈਤਿਕ ਅੰਦਰੂਨੀ ਤੋੜ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਦਰਸਾਇਆ ਗਿਆ ਹੈ। ਚੰਨੋ ਦਾ ਸੁਪਨਾ ਜਿਸ ਵਿੱਚ ਉਹ ਕਿਸੇ ਅਣਜਾਣ ਭਾਰ ਹੇਠ ਕੁਚਲਦੀ ਜਾਂਦੀ ਹੈ, ਹੜ੍ਹ ਵਿੱਚ ਡੁੱਬ

ਰਹੀ ਹੁੰਦੀ ਹੈ ਅਤੇ ਮੱਛੀ ਵਲੋ ਸਾਵਧਾਨੀ ਦੀ ਅਵਾਜ਼ ਸੁਣਦੀ ਹੈ ਇੱਕ ਪ੍ਰਤੀਕਾਤਮਕ ਅਭਿਵਿਅਕਤੀ ਹੈ, ਜੋ ਉਸ ਦੀ ਅਸਹਾਇਤਾ, ਅਚੇਤਨ ਅਤੇ ਸ਼ੋਸ਼ਣ ਹੋਣ ਦੇ ਹਾਲਾਤ ਨੂੰ ਦਰਸਾਉਂਦਾ ਹੈ। ਸੁਪਨੇ ਵਿੱਚ ਗੁਰਦਾਸ ਵੱਲੋਂ ਮਦਦ ਲਈ ਵਧਾਇਆ ਹੱਥ ਉਸਦੇ ਮਨ ਦੇ ਅੰਦਰਲੀ ਉਮੀਦ ਦੇ ਛੋਟੇ ਜਿਹੇ ਚਾਨਣ ਨੂੰ ਪ੍ਰਗਟ ਕਰਦਾ ਹੈ, ਪਰ ਜਦ ਉਹ ਅੱਖ ਖੋਲ੍ਹਦੀ ਹੈ, ਹਕੀਕਤ ਇਸਦੀ ਉਲਟ ਹੁੰਦੀ ਹੈ। ਚੰਨੋ ਦੀ ਨੀਂਦ ਖੁਲਣ ’ਤੇ ਉਸ ਦੀ ਅਵਸਥਾ"ਬਸਤਰਹੀਣ ਹੋਈ ਉਹ ਲਵਿੰਦਰ ਨਾਲ ਪਈ ਸੀ"ਉਸ ਦੀ ਨਿਰਾਸ਼ਾ, ਪਛਤਾਵਾ ਤੇ ਨੈਤਿਕ ਆਪਣੇ ਆਪ ਤੇ ਗਲਾਨੀ ਨੂੰ ਜਨਮ ਦਿੰਦੀ ਹੈ। ਉਹ ਨ ਸਿਰਫ਼ ਲਵਿੰਦਰ ਵੱਲ ਗੁੱਸੇ ਨਾਲ ਭਰੀ ਹੋਈ ਹੈ, ਬਲਕਿ ਆਪਣੇ ਆਪ ਨਾਲ ਵੀ ਨਫ਼ਰਤ ਮਹਿਸੂਸ ਕਰਦੀ ਹੈ। ਇਹ ਦ੍ਰਿਸ਼ ਚੰਨੋ ਦੀ ਆਤਮਿਕ-ਉਲਝਣ ਅਤੇ ਪੁਰਸ਼ ਪ੍ਰਧਾਨ ਸੰਸਾਰ ਵਿੱਚ ਔਰਤ ਦੀ ਸੰਘਰਸ਼ਸ਼ੀਲ ਸਥਿਤੀ ਨੂੰ ਗੰਭੀਰਤਾ ਨਾਲ ਉਜਾਗਰ ਕਰਦਾ ਹੈ।

ਲੇਖਕ ਨੇ ਇੱਥੇ ਅਚੇਤ ਅਵਸਥਾ ਅਤੇ ਸੁਪਨੇ ਨੂੰ ਉਪਮਾਵਾਂ ਰਾਹੀਂ ਵਰਤ ਕੇ ਚੰਨੋ ਦੇ ਅੰਦਰਲੇ ਦਰਦ ਅਤੇ ਬੇਬਸੀ ਨੂੰ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਹੈ। "ਮਲਕੜੇ ਉਠੀ ਤੇ ਉਹਨੂੰ ਆਪਣੇ ਆਪ ਤੋਂ ਬੜੀ ਘਿਰਨਾ ਹੋਈ" ਇਹ ਪੰਕਤੀ ਔਰਤ ਦੀ ਅੰਦਰਲੀ ਟੁਟੀ ਹੋਈ ਆਤਮ-ਸਮਝ ਅਤੇ ਸੰਵੇਦਨਸ਼ੀਲਤਾ ਦਾ ਕੇਂਦਰੀ ਬਿੰਦੂ ਹੈ, ਜੋ ਪਾਠਕ ਨੂੰ ਇੱਕ ਅਹਿਸਾਸ ਦਿਵਾਉਂਦੀ ਹੈ ਕਿ ਕਈ ਵਾਰ ਵਿਅਕਤੀਗਤ ਚੋਣਾਂ ਨਹੀਂ, ਸਗੋਂ ਹਾਲਾਤ ਉਸ ਨੂੰ ਮਜਬੂਰ ਕਰਦੇ ਹਨ। ਸੰਖੇਪ ਵਿੱਚ, ਔਰਤ ਦੇ ਆਤਮ-ਵਿਸ਼ਲੇਸ਼ਣ,ਬਲਾਤਕਾਰ ਅਤੇ ਮਨ-ਸਰੀਰ ਉੱਤੇ ਹੋਏ ਅਪਰਾਧ ਨੂੰ, ਇਕ ਸੰਵੇਦਨਸ਼ੀਲ ਰੂਪ ਵਿੱਚ ਪੇਸ਼ ਕਰਦਾ ਹੈ।

*ਵਕਤ ਗੁਜ਼ਰਨ ਲੱਗਾ, ਪਰ ਚੰਨੋ ਦੀ ਰੂਹ 'ਤੇ ਪਿਆ ਇਹ ਦਾਗ ਉਸ ਨੂੰ ਹਰਮੇਲ ਦੇ ਪਾਏ ਦਾਗ ਨਾਲੋਂ ਹੋਰ ਵੱਡਾ ਲੱਗਣ ਲੱਗਾ ਤੇ ਬਹੁਤ ਦੇਰ ਤੀਕ ਇਹ ਦੁਖਦਾ ਰਿਹਾ। ਉਹ ਹੈਰਾਨ ਸੀ ਕਿ ਮਰਦ ਔਰਤ ਨੂੰ ਵਰਤਣ ਲਈ, ਕੀ ਕੁਝ ਨਹੀਂ ਸੀ ਕਰ ਸਕਦਾ: ਵਕਤ ਦਾ ਫਾਇਦਾ ਉਠਾਉਣਾ...*[10]

ਔਰਤ ਦੇ ਅੰਦਰੂਨੀ ਦੁੱਖ ਅਤੇ ਮਰਦ ਪ੍ਰਧਾਨ ਸੰਸਾਰ ਵੱਲੋਂ ਹੋ ਰਹੇ ਸਰੀਰਕ ਅਤੇ ਆਤਮਿਕ ਸ਼ੋਸ਼ਣ ਨੂੰ ਗਹਿਰੀ ਸੰਵੇਦਨਸ਼ੀਲਤਾ ਨਾਲ ਵਿਅਕਤ ਕੀਤਾ ਹੈ। ਚੰਨੋ, ਜਿਸ ਨੇ ਪਹਿਲਾਂ ਹੀ ਹਰਮੇਲ ਵੱਲੋਂ ਮਿਲੇ ਵਿਸ਼ਵਾਸ-ਘਾਤ ਤੇ ਜਬਰ ਨੂੰ ਸਹਿਆ ਸੀ, ਹੁਣ ਲਵਿੰਦਰ ਵੱਲੋਂ ਭਰੋਸਾ ਜਿੱਤਣ ਤੋਂ ਬਾਅਦ ਕੀਤੇ ਗਏ ਸਰੀਰਕ ਸ਼ੋਸ਼ਣ ਨੂੰ ਔਰਤ ਪ੍ਰਤੀ ਹਿੰਸਕ ਪ੍ਰਵਿਰਤੀ ਦੇ ਤੌਰ 'ਤੇ ਮਹਿਸੂਸ ਕਰਦੀ ਹੈ। "ਚੰਨੋ ਦੀ ਰੂਹ 'ਤੇ ਪਿਆ ਇਹ ਦਾਗ ਉਸ ਨੂੰ ਹਰਮੇਲ ਦੇ ਪਾਏ ਦਾਗ ਨਾਲੋਂ ਹੋਰ ਵੱਡਾ ਲੱਗਣ ਲੱਗਾ" ਇਹ ਪੰਕਤੀ ਪਾਠਕ ਨੂੰ ਇਹ ਦੱਸਣ ਲਈ ਕਾਫੀ ਹੈ ਕਿ ਜਬਰ ਸਿਰਫ਼ ਹਿੰਸਾ ਦੇ ਰੂਪ ਵਿੱਚ ਨਹੀਂ ਹੁੰਦਾ, ਸਗੋਂ ਕਈ ਵਾਰ ਭਰੋਸਾ ਤੋੜ ਕੇ, ਮੌਕੇ ਦਾ ਨਾਜਾਇਜ਼ ਫਾਇਦਾ ਚੁੱਕ ਕੇ ਵੀ ਜ਼ਿੰਦਗੀ ਨੂੰ ਲੰਮੇ ਸਮੇਂ ਲਈ ਦਾਗਦਾਰ ਕੀਤਾ ਜਾਂਦਾ ਹੈ।

ਚੰਨੋ ਦੀ ਸੋਚ “ਮਰਦ ਔਰਤ ਨੂੰ ਵਰਤਣ ਲਈ, ਕੀ ਕੁਝ ਨਹੀਂ ਕਰ ਸਕਦਾ...”ਇੱਕ ਵਿਅਕਤੀਗਤ ਤਜਰਬੇ ਤੋਂ ਉਤਪੰਨ ਹੋਈ ਵਿਸ਼ਵਵਿਆਪਕ ਸਮਾਜਕ ਆਲੋਚਨਾ ਹੈ। ਉਹ ਮਨ ਵਿੱਚ ਇਹ ਵੀ ਸੋਚਦੀ ਹੈ ਕਿ "ਕੀ ਔਰਤ ਵੀ ਇੰਝ ਕਰਦੀ ਹੋਵੇਗੀ?" ਇਹ ਸਵਾਲ ਉਸ ਦੀ ਮਾਨਸਿਕ ਸੰਤੁਲਨ ਅਤੇ ਵਿਸ਼ਵਾਸ ਦੇ ਟੁੱਟਣ ਨੂੰ ਦਰਸਾਉਂਦਾ ਹੈ, ਪਰ ਅੰਤ ਵਿੱਚ ਉਹ ਸਵੀਕਾਰ ਕਰਦੀ ਹੈ ਕਿ ਔਰਤ ਅਕਸਰ ਇਸ ਤਰ੍ਹਾਂ ਨਹੀਂ ਕਰਦੀ, ਕਿਉਂਕਿ ਸਮਾਜ ਨੇ ਉਸ ਨੂੰ ਇਸ ਤਰ੍ਹਾਂ ਕਰਨ ਦੇ ਯੋਗ ਨਹੀਂ ਬਣਾਇਆ। ਚੰਨੋ ਦੀ ਗੁਰਦਾਸ ਲਈ ਤਰਸ ਭਰੀ ਲੋੜ ਅਤੇ ਉਸ ਦੀ ਕਮੀ, ਇਸ ਗੱਲ ਨੂੰ ਪ੍ਰਗਟ ਕਰਦੀ ਹੈ ਕਿ ਲਵਿੰਦਰ ਤੋਂ ਪਰੇ, ਗੁਰਦਾਸ ਉਸ ਲਈ ਇੱਕ ਸੁਰੱਖਿਅਤ ਥਾਂ ਸੀ, ਇਕ ਭਰੋਸੇਯੋਗ ਅਸਤਿਤਵ ਸਾਰ ਸੀ। ਪਰ "ਗੁਰਦਾਸ ਤਾਂ ਬਹੁਤ ਦੂਰ ਸੀ, ਕਈ ਸਮੁੰਦਰੋਂ ਪਾਰ ਸੀ" ਇਹ ਵਾਕ ਚੰਨੋ ਦੀ ਵਿਆਥਾ ਤੇ ਨਿਰਾਸ਼ਾ ਨੂੰ ਦਰਸਾਉਂਦਾ ਹੈ, ਕਿਉਂਕਿ ਜਿਹੜਾ ਵਿਅਕਤੀ ਉਸ ਦੀ ਰੂਹ ਦੇ ਜ਼ਖ਼ਮ ਭਰ ਸਕਦਾ ਸੀ, ਉਹ ਹਾਜ਼ਰ ਨਹੀਂ। ਅੰਤ ਵਿੱਚ, ਚੰਨੋ ਦੀ ਜ਼ਿੰਦਗੀ ਇੱਕ ਸਹਿਨਸ਼ੀਲ ਮਾਂ ਵਾਂਗ ਵਗਦੀ ਰਹੀ। ਆਪਣੇ ਦੁੱਖਾਂ ਅਤੇ ਲੰਮੇ ਵਿਅਕਤੀਗਤ ਸੰਘਰਸ਼ ਦੇ ਬਾਵਜੂਦ, ਉਹ ਦੋ ਬੱਚਿਆਂ ਦੀ ਪਰਵਰਿਸ਼ ਕਰਦੀ ਰਹੀ। "ਗੁਰਸ਼ਰਨ ਤੇ ਜੈਫ ਦੀ ਧੀ ਅਵਲੀਨ ਵੱਡੇ ਹੁੰਦੇ ਗਏ" ਇਹ ਲਾਈਨ ਚੰਨੋ ਦੀ ਮਾਂ ਦੀ ਆਤਮਿਕ ਮਜ਼ਬੂਤੀ ਨੂੰ ਦਰਸਾਉਂਦੀ ਹੈ, ਕਿ ਕਿੰਨੀ ਵੀ ਹਿੰਸਕ ਹਾਲਾਤਾਂ ਵਿੱਚ ਹੋਵੇ, ਔਰਤ ਅੰਦਰੋਂ ਢਹਿ ਕੇ ਵੀ ਆਪਣੀਆਂ ਮੂਲ ਜ਼ਿੰਮੇਵਾਰੀਆਂ ਤੋਂ ਪਿੱਛੇ ਨਹੀਂ ਹਟਦੀ।

*ਚੰਨੋ ਗੁਰਦਾਸ ਦੇ ਸਸਕਾਰ ਕਰਨ ਵੇਲੇ ਭਾਰਤ ਪੁੱਜ ਗਈ, ਉਸ ਦਾ ਰੋ-ਰੋ ਕੇ ਬੁਰਾ ਹਾਲ ਹੋ ਗਿਆ ਸੀ। ਉਸ ਨੂੰ ਨਾ ਸਿਰਫ ਗੁਰਦਾਸ ਤੋਂ ਹਮੇਸ਼ਾ ਲਈ ਵਿਛੜਨ ਦਾ ਦੁੱਖ ਸੀ, ਸਗੋਂ ਉਹ ਇੱਕ ਬਹੁਤ ਵੱਡੇ ਪਛਤਾਵੇ ਵਿੱਚ ਵੀ ਲਿਪਟ ਗਈ ਸੀ ਕਿ ਤਕਰੀਬਨ ਆਪਣੀ ਵਿਆਹੁਤਾ ਜ਼ਿੰਦਗੀ ਉਸਨੇ ਆਪਣੇ ਪਤੀ ਤੋਂ ਹੀ ਕੱਟ ਦੂਰ ਦਿੱਤੀ ਸੀ ਅਤੇ ਅਖੀਰ ਨੂੰ ਜਦ ਉਹ ਉਸ ਕੋਲ ਆਉਣ ਦੀ ਤਿਆਰੀ ਵਿੱਚ ਸੀ, ਉਸ ਨੂੰ ਕਿਸੇ ਨੇ ਮਾਰ ਦਿੱਤਾ ਸੀ। ਕਿਸ ਨੇ ਤੇ ਕਿਉਂ ਮਾਰਿਆ, ਉਹਨੂੰ ਇਹ ਸਮਝ ਨਹੀਂ ਸੀ ਆ ਰਹੀ। ਕੌਣ ਮਾਰ ਗਿਆ ਸੀ ਉਸ ਦੇ ਗੁਰਦਾਸ ਨੂੰ, ਨਾ ਉਹਨੂੰ ਪਤਾ ਚੱਲਿਆ ਤੇ ਨਾ ਪੁਲਿਸ ਨੂੰ ਕੋਈ ਸੂਹ ਮਿਲ ਰਹੀ ਸੀ, ਭਾਵੇਂ ਪੁਲਿਸ ਇਸ ਕੇਸ ਦੇ ਮਗਰ ਪਈ ਹੋਈ ਸੀ।* [11]

ਚੰਨੋ ਦੇ ਜੀਵਨ ਵਿੱਚ ਆਏ ਇੱਕ ਅੰਤਿਮ ਅਤੇ ਸਭ ਤੋਂ ਗਹਿਰੇ ਸੰਘਰਸ਼ ਨੂੰ ਦਰਸਾਇਆ ਹੈ। ਗੁਰਦਾਸ ਦੀ ਮੌਤ ਨਾ ਸਿਰਫ਼ ਉਸ ਦੀ ਸਰੀਰਕ ਹਾਜ਼ਰੀ ਦਾ ਖ਼ਾਤਮਾ ਹੈ, ਸਗੋਂ ਚੰਨੋ ਲਈ ਇੱਕ ਅਧੂਰੇ ਇਸ਼ਕ, ਅਣਕਹੀ ਮਾਫ਼ੀ ਤੇ ਪਛਤਾਵੇ ਦੀ ਪੱਕੀ ਮੋਹਰ ਬਣ ਜਾਂਦੀ ਹੈ। ਚੰਨੋ ਦਾ "ਰੋ-ਰੋ ਕੇ ਬੁਰਾ ਹਾਲ ਹੋ ਗਿਆ ਸੀ" ਸਿਰਫ਼ ਦੁਖ ਨਹੀਂ, ਸਗੋਂ ਅੰਦਰੋਂ ਆਤਮ-ਗਿਲਾਣੀ ਦਾ ਪ੍ਰਗਟਾਵਾ ਵੀ ਹੈ। ਉਸਨੇ ਆਪਣੇ ਵਿਆਹੁਤਾ ਜੀਵਨ ਨੂੰ ਗੁਰਦਾਸ ਤੋਂ ਦੂਰ ਕਰ ਦਿੱਤਾ, ਪਰ ਜਦ ਉਹ ਨਜ਼ਦੀਕ ਆਉਣ ਲੱਗੀ, ਤਕਦੀਰ ਨੇ ਉਸਨੂੰ ਹੀ ਖੋਹ ਲਿਆ। ਗੁਰਦਾਸ ਦੀ ਮੌਤ "ਕਿਸ ਨੇ ਤੇ ਕਿਉਂ ਮਾਰਿਆ" ਅਣਜਾਣਾ ਰਹਿ ਜਾਣਾ, ਨਾਰੀ ਜੀਵਨ ਦੀ ਉਸ ਅਨਿਸ਼ਚਿਤ ਹਕੀਕਤ ਨੂੰ ਦਰਸਾਉਂਦਾ ਹੈ, ਜਿੱਥੇ ਜਵਾਬ ਕਦੇ ਨਹੀਂ ਮਿਲਦੇ ਨਾ ਸੰਬੰਧਾਂ ਦੇ, ਨਾ ਹਾਦਸਿਆਂ ਦੇ। "ਪੁਲਿਸ ਮਗਰ ਪਈ ਹੋਈ ਸੀ"ਇਹ ਲਾਈਨ ਇਕ ਪਾਸੇ ਦਿਖਾਉਂਦੀ ਹੈ ਕਿ ਕੇਸ 'ਤੇ ਧਿਆਨ ਦਿੱਤਾ ਜਾ ਰਿਹਾ ਸੀ, ਪਰ ਦੂਜੇ ਪਾਸੇ ਇਹ ਇੱਕ ਵਿਅੰਗ ਵੀ ਹੈ ਕਿ ਕਈ ਵਾਰ ਕਾਨੂੰਨੀ ਪ੍ਰਣਾਲੀ ਵੀ ਹਕੀਕਤ ਤੱਕ ਨਹੀਂ ਪਹੁੰਚ ਸਕਦੀ। ਇਹ ਪੈਰਾ ਚੰਨੋ ਦੀ ਦਿਲੀ ਵਿਵਸਥਾ ਨੂੰ ਦਰਸਾਉਂਦਾ ਹੈ। ਇਨ੍ਹਾਂ ਪਲਾਂ ਵਿੱਚ ਉਸਦੀ ਦੁਖ, ਇਨਸਾਫ਼ ਦੀ ਤਲਾਸ਼ ਅਤੇ ਵਿਅਕਤੀਗਤ ਜ਼ਿੰਦਗੀ ਤਿੰਨੋਂ ਇੱਕ ਮੁਸੀਬਤ ਦੀ ਤਰ੍ਹਾਂ ਉਸ 'ਤੇ ਡਿੱਗਦੇ ਹਨ। ਇਹ ਇੱਕ ਅਜਿਹੀ ਸੱਚਾਈ 'ਚ ਝਾਂਕਣ ਲਈ ਮਜਬੂਰ ਕਰਦਾ ਹੈ ਜਿੱਥੇ ਪਿਆਰ, ਦੁਖ, ਪਛਤਾਵਾ ਅਤੇ ਹੰਝੂ ਇਕੱਠੇ ਵਹਿੰਦੇ ਹਨ। ਗੁਰਦਾਸ ਦੀ ਮੌਤ ਨਾਲ ਚੰਨੋ ਲਈ ਇੱਕ ਅਧੂਰਾ ਰਿਸ਼ਤਾ ਤੇ ਸਾਥ ਦੀ ਆਤਮਕ ਤ੍ਰਿਪਤੀ ਹਮੇਸ਼ਾ ਲਈ ਖਤਮ ਹੋ ਗਈ।

*ਫੇਰ ਕੁਝ ਚਿਰ ਬਾਅਦ, ਆਪਣਾ ਮੂੰਹ ਸਿਰਹਾਣੇ ਵਿੱਚ ਦੇ ਕੇ ਉਹ ਰੋਣ ਲੱਗ ਪਈ ਤੇ ਜਦ ਉਹ ਦੇ ਅਥੱਰੂ ਮੁੱਕ ਗਏ, ਉਸਨੇ ਆਪਣੇ ਆਪ ਨੂੰ ਕਿਹਾ, "ਅੜੀਏ, ਕੀ ਖੱਟਿਆ ਪ੍ਰਦੇਸ?" ਦੱਸ ਕੀ ਖੱਟਿਆ....?"*[12]

ਗੁਰਦਾਸ ਦੀ ਮੌਤ ਇੱਕ ਝਟਕੇ ਵਾਂਗ ਚੰਨੋ ਦੇ ਜੀਵਨ ਵਿੱਚ ਆਉਂਦੀ ਹੈ। ਗੁਰਦਾਸ ਉਹ ਵਿਅਕਤੀ ਸੀ ਜਿਸ ਨਾਲ ਉਸਨੇ ਵਿਦੇਸ਼ ਵਿੱਚ ਇੱਕ ਨਵਾਂ, ਪਿਆਰ ਭਰਿਆ ਜੀਵਨ ਦੇਖਿਆ ਸੀ। ਪਰ ਇਹ ਪਿਆਰ 'ਵਿਆਹੁਤਾ ਜ਼ਿੰਦਗੀ' ਤੋਂ ਕੱਟ ਕੇ ਇੱਕ ਤਰ੍ਹਾਂ ਦੀ 'ਭਟਕਣ' ਦਾ ਰੂਪ ਧਾਰ ਲੈਂਦਾ ਹੈ। ਜਦ ਗੁਰਦਾਸ ਦੀ ਮੌਤ ਹੋ ਜਾਂਦੀ ਹੈ, ਚੰਨੋ ਨੂੰ ਆਪਣੇ ਕੀਤੇ ਚੋਣਾਂ ਤੇ ਅਫਸੋਸ ਹੁੰਦਾ ਹੈ। ਇਸ ਦੁਖ ਦੀ ਗੂੰਜ ਉਸਦੇ ਮੂੰਹੋਂ ਨਿਕਲਦੇ ਸ਼ਬਦਾਂ ਵਿੱਚ ਸੁਣੀ ਜਾਂਦੀ ਹੈ:"ਅੜੀਏ, ਕੀ ਖੱਟਿਆ ਪਰਦੇਸ?"

ਇਹ ਸਵਾਲ ਚੰਨੋ ਦੀ ਅੰਦਰਲੀ ਤਲਖੀ, ਦੁਖ ਅਤੇ ਅਸਥਿਰਤਾ ਨੂੰ ਦਰਸਾਉਂਦਾ ਹੈ। ਇਹ ਸਵਾਲ ਸਿਰਫ਼ ਉਸਦੇ ਜੀਵਨ ਲਈ ਨਹੀਂ, ਸਗੋਂ ਹਰ ਉਸ ਵਿਅਕਤੀ ਲਈ ਹੈ ਜੋ ਪ੍ਰਦੇਸ ਵਿੱਚ ਖੁਸ਼ੀ ਦੀ ਖੋਜ ਕਰਦਿਆਂ ਆਪਣੇ ਨੈਤਿਕ, ਸੰਸਕ੍ਰਿਤਕ ਮੁੱਲਾਂ ਅਤੇ ਰਿਸ਼ਤਿਆਂ ਦੀ ਕੁਰਬਾਨੀ ਦਿੰਦਾ ਹੈ। ਪਰਦੇਸ ਦੀ ਚਮਕ-ਧਮਕ ਨੇ ਉਸ ਨੂੰ ਆਪਣੇ ਪਤੀ, ਬੱਚਿਆਂ ਅਤੇ ਪਰਿਵਾਰ ਤੋਂ ਦੂਰ ਕਰ ਦਿੱਤਾ। ਭਾਵੇਂ ਗੁਰਦਾਸ ਨੇ ਉਸ ਦੀ ਜ਼ਿੰਦਗੀ ਵਿੱਚ ਪਿਆਰ ਅਤੇ ਆਰਥਿਕ ਸਹਾਇਤਾ ਦਿੱਤੀ, ਪਰ ਉਹ ਪਿਆਰ ਸਥਿਰ ਨਹੀਂ ਸੀ। ਉਹ ਗੁਰਦਾਸ ਨੂੰ ਮਿਲਣ ਤੋਂ ਪਹਿਲਾਂ ਅਤੇ ਬਾਅਦ ਵਾਲੇ ਜੀਵਨ ਵਿੱਚ ਆਪਣੀ ਅਸਲੀ 'ਆਤਮਾ' ਨੂੰ ਗੁਆ ਬੈਠੀ ਸੀ। ਚੰਨੋ ਹੁਣ ਆਪਣੀਆਂ ਜੜ੍ਹਾਂ ਵੱਲ ਵਾਪਸੀ ਕਰਦੀ ਹੈ ਇੱਕ ਆਤਮਿਕ, ਸੰਸਕ੍ਰਿਤ ਅਤੇ ਰਿਸ਼ਤਿਆਂ ਵਾਲੀ ਵਾਪਸੀ। ਇਹ ਵਾਪਸੀ ਗੁਰਦਾਸ ਦੇ ਪਿਤਾ, ਆਪਣੇ ਪਿਤਾ ਅਤੇ ਭਰਾ, ਅਤੇ ਪੋਤੇ/ਪੁੱਤਰ ਦੇ ਰੂਪ ਵਿੱਚ ਦਰਸਾਈ ਜਾਂਦੀ ਹੈ। ਵਿਦੇਸ਼ੀ ਤਰੱਕੀ ਸਿਰਫ਼ ਭੌਤਿਕ ਹੈ, ਜਦਕਿ ਮੂਲ ਰਿਸ਼ਤੇ, ਜੜ੍ਹਾਂ ਤੇ ਆਤਮਿਕ ਸੰਤੁਸ਼ਟੀ ਜ਼ਿੰਦਗੀ ਦਾ ਅਸਲ ਸੁੰਦਰਤਾ ਹੈ। ਪਰਦੇਸ ਹਮੇਸ਼ਾ ਖੁਸ਼ੀ ਨਹੀਂ ਦਿੰਦਾ, ਕਈ ਵਾਰੀ ਇਹ ਪਛਤਾਵਾ, ਦੁੱਖ ਤੇ ਤਣਾਅ ਹੀ ਲਿਆਉਂਦਾ ਹੈ। ਮਰਦ-ਔਰਤ ਰਿਸ਼ਤੇ, ਆਤਮ-ਸਮਾਨ ਅਤੇ ਨੈਤਿਕਤਾ ਇਹ ਸਾਰੇ ਪੱਖ ਇਸ ਨਾਵਲ ਵਿੱਚ ਆਲੋਚਨਾਤਮਕ ਢੰਗ ਨਾਲ ਵਿਖਾਏ ਗਏ ਹਨ। ਇਹ ਪੈਰਾ ਚੰਨੋ ਦੀ ਜੀਵਨ ਯਾਤਰਾ ਦਾ ਨਤੀਜਾ ਹੈ ਇੱਕ ਐਸੀ ਔਰਤ ਜੋ ਰਿਸ਼ਤਿਆਂ ਵਿੱਚ ਭਟਕੀ, ਪਰ ਆਖਰਕਾਰ ਆਪਣੇ ਜੀਵਨ ਦੇ ਅਸਲ ਅਰਥ ਨੂੰ ਸਮਝ ਗਈ। ਇਹ ਅੰਤੀਮ ਸੋਚ ਸਿਰਫ਼ ਪਛਤਾਵਾ ਨਹੀਂ, ਸਗੋਂ ਇੱਕ ਨਵੀਂ ਦਿਸ਼ਾ, ਨਵੀਂ ਸਲਾਹ ਅਤੇ ਆਤਮ-ਬੋਧ ਦੀ ਦਾਸਤਾਨ ਹੈ। "ਕੀ ਖੱਟਿਆ ਪਰਦੇਸ?" ਸਿਰਫ਼ ਇੱਕ ਸਵਾਲ ਨਹੀਂ, ਸਗੋਂ ਇੱਕ ਸਮਾਜਿਕ-ਨੈਤਿਕ ਚੇਤਾਵਨੀ ਹੈ ਜੋ ਕਈਆਂ ਦੀ ਹਕੀਕਤ ਹੋ ਸਕਦੀ ਹੈ।

ਨਾਵਲ *"ਕੀ ਖੱਟਿਆ ਪਰਦੇਸ?"* ਇੱਕ ਪਰਵਾਸੀ ਔਰਤ ਚੰਨੋ ਦੀ ਜ਼ਿੰਦਗੀ ਰਾਹੀਂ ਇਸ ਗੱਲ ਨੂੰ ਬੇਹੱਦ ਸੰਵੇਦਨਸ਼ੀਲ ਢੰਗ ਨਾਲ ਉਜਾਗਰ ਕਰਦਾ ਹੈ ਕਿ ਪਰਦੇਸ ਵਿੱਚ ਵੱਸਣਾ ਸਿਰਫ਼ ਆਰਥਿਕ ਲਾਭ ਨਹੀਂ, ਸਗੋਂ ਰੂਹਾਨੀ, ਸਮਾਜਿਕ ਅਤੇ ਨੈਤਿਕ ਨੁਕਸਾਨ ਵੀ ਲਿਆਉਂਦਾ ਹੈ। ਨਾਵਲ ਵਿਦੇਸ਼ੀ ਮਿੱਟੀ ਵਿੱਚ ਔਰਤ ਦੀ ਸੱਤਾ, ਉਸ ਦੇ ਸੰਘਰਸ਼, ਮਰਦ ਪ੍ਰਧਾਨ ਸਮਾਜ ਦੇ ਦੁਖਦਾਈ ਰਵੱਈਏ, ਭਰੋਸੇ ਦੇ ਟੁੱਟਣ, ਸਰੀਰਕ ਸ਼ੋਸ਼ਣ ਅਤੇ ਆਤਮ-ਗਿਲਾਨ ਦੀ ਪੂਰੀ ਤਸਵੀਰ ਪੇਸ਼ ਕਰਦਾ ਹੈ। ਚੰਨੋ ਦੀ ਕਹਾਣੀ ਰਾਹੀਂ ਲੇਖਕ ਨੇ ਇਹ ਦਰਸਾਇਆ ਕਿ ਪਰਦੇਸ ਵਿੱਚ ਮਿਲਦੀ ਆਜ਼ਾਦੀ ਕਈ ਵਾਰ ਅੰਦਰੂਨੀ ਟੁੱਟ-ਫੁੱਟ, ਇਕੱਲੇਪਨ ਅਤੇ ਪਛਤਾਵਿਆਂ ਦੀ ਕੀਮਤ 'ਤੇ ਮਿਲਦੀ ਹੈ। ਨਾਵਲ ਦਾ ਅੰਤ ਸਮਾਜਿਕ ਸੰਦੇਸ਼ ਦੇਣ ਵਿੱਚ ਕਾਮਯਾਬ ਰਹਿੰਦਾ ਹੈ ਕਿ ਮੂਲਾਂ ਦੀ ਪਛਾਣ, ਆਪਣੇ ਪਰਿਵਾਰ ਅਤੇ ਰਿਸ਼ਤਿਆਂ ਦੀ ਮਹੱਤਾ ਨੂੰ ਸਮਝਣਾ ਹੀ ਅਸਲ ਜੀਵਨ ਦੀ ਜਿੱਤ ਹੈ।

ਚੰਨੋ ਇੱਕ ਅਜਿਹੀ ਔਰਤ ਹੈ ਜੋ ਪਿਆਰ ਅਤੇ ਕੁਰਬਾਨੀ ਦਾ ਰੂਪ ਹੈ। ਪਰ ਜਿਵੇਂ ਹੀ ਉਹ ਪਰਦੇਸ ਜਾਂਦੀ ਹੈ, ਉਸ ਦੀ ਆਸਾਂ ਭਰਪੂਰ ਜ਼ਿੰਦਗੀ ਤਕਲੀਫਾਂ, ਇਕੱਲੇਪਣ ਅਤੇ ਧੋਖਿਆਂ ਨਾਲ ਭਰ ਜਾਂਦੀ ਹੈ। ਚੰਨੋ ਆਪਣੇ ਦੁੱਖ ਨੂੰ ਲੁਕਾਉਂਦੀ ਹੋਈ, ਪਰਿਵਾਰ ਦੀ ਇੱਜ਼ਤ ਲਈ ਸਭ ਕੁਝ ਸਹਿੰਦੀ ਰਹਿੰਦੀ ਹੈ, ਪਰ ਆਖਰਕਾਰ ਤਨਹਾਈ, ਭਰੋਸੇ ਦੀ ਟੁੱਟਣ ਅਤੇ ਕਈ ਮਰਦਾਂ ਵੱਲੋਂ ਸਰੀਰਕ-ਮਾਨਸਿਕ ਸ਼ੋਸ਼ਣ ਉਸ ਦੀ ਰੂਹ ਤਕ ਨੋਚ ਦਿੰਦੇ ਹਨ। ਇਸ ਨਾਵਲ ਵਿੱਚ ਇਕ ਔਰਤ ਦੀ ਕਹਾਣੀ, ਸਾਰੇ ਸਮਾਜ ਦੀ ਆਵਾਜ਼ ਬਣ ਜਾਂਦੀ ਹੈ। ਇੱਕ ਪਾਸੇ ਚੰਨੋ ਵਰਗੀ ਕੁੜੀ ਗਰੀਬੀ ਅਤੇ ਵਿਵਸਥਾ ਦਾ ਸ਼ਿਕਾਰ ਬਣਦੀ ਹੈ, ਦੂਜੇ ਪਾਸੇ ਵਿਦੇਸ਼ੀ ਧਰਤੀ 'ਤੇ ਲਾਭ ਦੀ ਖੋਜ ਵਿੱਚ ਨੈਤਿਕਤਾ, ਸੰਸਕਾਰ, ਪਿਆਰ ਅਤੇ ਮਰਿਆਦਾਵਾਂ ਜਿਵੇਂ ਖਤਮ ਹੋ ਗਏ ਹੋਣ। ਚੰਨੋ ਦੀ ਹੋਣ ਪਰਦੇਸ ਦੀ ਚਮਕਦਾਰ ਜ਼ਿੰਦਗੀ ਦੇ ਪਿੱਛੇ ਇੱਕ ਘਿਨਾਉਣੀ, ਤਕਲੀਫ਼ ਦਾਇਕ ਅਤੇ ਅਮਾਨਵੀ ਕਿਰਦਾਰਾਂ ਰਾਹੀਂ ਹੁੰਦੇ ਸ਼ੋਸ਼ਣ ਨੂੰ ਪੇਸ਼ ਕਰਦੀ। ਮਰਦ ਕਿਸ ਤਰ੍ਹਾਂ ਮੌਕੇ ਦਾ ਫਾਇਦਾ ਚੁੱਕ ਕੇ ਔਰਤ ਦੀ ਮਜਬੂਰੀ ਅਤੇ ਭਰੋਸੇ ਨਾਲ ਖਿਲਵਾੜ ਕਰਦੇ ਹਨ। ਚਾਹੇ ਚੰਨੋ ਉਨ੍ਹਾਂ 'ਤੇ ਭਰੋਸਾ ਕਰਦੀ ਹੈ ਜਾਂ ਉਨ੍ਹਾਂ ਨੂੰ ਦੋਸਤ ਸਮਝਦੀ ਹੈ, ਆਖ਼ਰਕਾਰ ਉਹ ਮਰਦ ਉਸ ਦੇ ਭਰੋਸੇ ਨੂੰ ਤੋੜ ਕੇ ਉਸ ਦੀ ਆਤਮਕ ਅਜ਼ਾਦੀ ਨੂੰ ਲੁੱਟ ਲੈਂਦੇ ਹਨ। ਨਾਵਲ ਦੇ ਅਖੀਰਲੇ ਭਾਗ ਵਿੱਚ ਗੁਰਦਾਸ ਦੀ ਮੌਤ, ਚੰਨੋ ਦੀ ਪਛਤਾਵੇ-ਭਰੀ ਹਾਲਤ ਅਤੇ ਉਸ ਦਾ ਆਪਣੇ ਮੂਲ ਪਿੰਡ ਵਾਪਸੀ ਦਾ ਫੈਸਲਾ ਦਰਸਾਉਂਦਾ ਹੈ ਕਿ ਆਖ਼ਰਕਾਰ ਆਦਮੀ ਆਪਣੇ ਰਿਸ਼ਤਿਆਂ ਅਤੇ ਜੜ੍ਹਾਂ ਵੱਲ ਹੀ ਵਾਪਸ ਮੁੜਦਾ ਹੈ। "ਕੀ ਖੱਟਿਆ ਪਰਦੇਸ?" ਸਵਾਲ ਸਿਰਫ਼ ਚੰਨੋ ਨਹੀਂ, ਸਗੋਂ ਹਜ਼ਾਰਾਂ ਪਰਵਾਸੀਆਂ ਦਾ ਹੈ ਜੋ ਆਪਣੀ ਧਰਤੀ ਨੂੰ ਛੱਡ ਕੇ ਆਰਥਿਕ ਲਾਭ ਦੀ ਖੋਜ ਵਿੱਚ ਜਿੰਦਗੀ ਦੀਆਂ ਮਹੱਤਵਪੂਰਨ ਚੀਜ਼ਾਂ ਪਿਆਰ, ਭਰੋਸਾ, ਮਰਿਆਦਾ ਅਤੇ ਆਪਣਾਪਨ ਗੁਆ ਦਿੰਦੇ ਹਨ। ਜਿਵੇਂ ਚੰਨੋ ਦਾ ਇਹ ਕਹਿਣਾ –

*"ਬਾਪੂ ਜੀ, ਮੈਂ ਸਭ ਕੁਝ ਵੇਚ ਕੇ ਆਪਣੇ ਪੁੱਤਰ ਤੇ ਪੋਤੇ ਨਾਲ ਏਥੇ ਹੀ ਆ ਜਾਵਾਂਗੀ, ਪਰਦੇਸ ਮੈਂ ਜਾ ਕੇ ਕੀ ਖੱਟ ਲਿਆ।"*[13]

ਨਕਸ਼ਦੀਪ ਨੇ ਭਾਸ਼ਾ ਸਧਾਰਣ, ਪਰ ਅਸਰਦਾਰ ਰੱਖੀ ਹੈ। ਪਾਤਰਾਂ ਦੀ ਆਮ ਬੋਲੀ, ਪੰਜਾਬੀ ਲੋਕ-ਧਾਰਾ ਵਿੱਚ ਰਚੀ-ਬਸੀ, ਸੰਵੇਦਨਾਵਾਂ ਨੂੰ ਬਿਆਨ ਕਰਨ ਵਾਲੀ ਹੈ। ਕਿਤੇ ਵੀ ਲੇਖਕ ਨੇ ਗਲਤ ਕਿਰਦਾਰਾਂ ਨੂੰ ਛੁਪਾਉਣ ਦੀ ਕੋਸ਼ਿਸ਼ ਨਹੀਂ ਕੀਤੀ, ਸਗੋਂ ਉਨ੍ਹਾਂ ਦੇ ਰੂਪ ਰਾਹੀਂ ਸਮਾਜਿਕ ਸਚਾਈਆਂ ਨੂੰ ਉਜਾਗਰ ਕੀਤਾ ਗਿਆ ਹੈ। ਲੇਖਕ ਦਾ ਦ੍ਰਿਸ਼ਟਿਕੋਣ ਸੰਵੇਦਨਸ਼ੀਲ ਅਤੇ ਨੈਤਿਕ ਹੈ। ਉਹ ਪਾਠਕਾਂ ਨੂੰ ਨੈਤਿਕ ਮੁੱਲਾਂ ਦੀ ਵਾਪਸੀ, ਸਮਾਜ ਵਿੱਚ ਔਰਤ ਦੇ ਅਸਲੀ ਸਥਾਨ ਅਤੇ ਪਰਵਾਸੀ ਜੀਵਨ ਦੀ ਹਕੀਕਤ ਵੱਲ ਧਿਆਨ ਦੇਣ ਲਈ ਮਜਬੂਰ ਕਰਦਾ ਹੈ।

ਇਹ ਨਾਵਲ ਸਿਰਫ਼ ਇੱਕ ਕਹਾਣੀ ਨਹੀਂ, ਸਗੋਂ ਸਮਾਜਿਕ ਦਸਤਾਵੇਜ਼ ਹੈ ਜੋ ਇਹ ਦਰਸਾਉਂਦਾ ਹੈ ਕਿ ਆਰਥਿਕ ਤਰੱਕੀ ਦੀ ਦੌੜ ਵਿੱਚ ਅਸੀਂ ਅਸਲ ਜ਼ਿੰਦਗੀ ਨੂੰ ਕਿਵੇਂ ਗਵਾ ਬੈਠਦੇ ਹਾਂ। ਪਰਦੇਸ ਜਾਣਾ ਅੱਜ ਦੀ ਲੋੜ ਹੈ, ਪਰ ਇਹ ਤਾਂ ਸਮਝੋ ਕਿ ਕੀ ਇਸ ਦੇ ਨਾਲ ਅਸੀਂ ਆਪਣੇ ਰਿਸ਼ਤੇ, ਆਪਣੇ ਮੁੱਲ, ਆਪਣੀ ਸਾਂਝ ਤੇਆਪਣੀ ਪਛਾਣ ਵੀ ਤਾਂ ਨਹੀਂ ਗਵਾ ਰਹੇ? ਚੰਨੋ ਦੀ ਤਰ੍ਹਾਂ ਕਈ ਔਰਤਾਂ ਜੋ

ਪਰਦੇਸੀ ਸੁਪਨਿਆਂ ਦੀ ਪਿੱਛੇ ਦੌੜਦੀਆਂ ਹਨ, ਉਹ ਅੰਤ ਵਿੱਚ ਅੰਦਰੋਂ ਟੁੱਟ ਜਾਂਦੀਆਂ ਹਨ।

"ਕੀ ਖੱਟਿਆ ਪਰਦੇਸ?" ਨਾਵਲ ਇੱਕ ਆਇਨਾ ਹੈ ਜੋ ਸਾਡੀ ਸਮਾਜਿਕ ਹਕੀਕਤ ਨੂੰ ਦਰਸਾਉਂਦਾ ਹੈ। ਚੰਨੋ ਦੀ ਕਹਾਣੀ ਅੱਜ ਦੀ ਕਈ ਔਰਤਾਂ ਦੀ ਅਣਕਹੀ ਕਹਾਣੀ ਹੈ। ਨਾਵਲ ਸਾਨੂੰ ਸਮਝਾਉਂਦਾ ਹੈ ਕਿ ਪਰਦੇਸ ਵਿੱਚ ਲਾਭ ਖੱਟਣ ਦੀ ਲਾਲਸਾ ਕਈ ਵਾਰ ਜ਼ਿੰਦਗੀ ਦੇ ਅਸਲ ਰੰਗਾਂ ਨੂੰ ਖੋਹ ਲੈਂਦੀ ਹੈ। ਆਪਣੇ ਮੂਲ, ਆਪਣੀ ਮਾਂ-ਭਾਸ਼ਾ, ਆਪਣੀ ਮਿੱਟੀ ਅਤੇ ਪਰਿਵਾਰ ਦੀ ਮਹੱਤਤਾ ਨੂੰ ਨਾ ਭੁੱਲ ਜਾਈਏ ਇਹੀ ਨਾਵਲ ਦਾ ਮੂਲ ਸੰਦੇਸ਼ ਹੈ। ਪ੍ਰਵਾਸੀ ਮਨੁੱਖ ਵਿਕਸਿਤ ਪੂੰਜੀਵਾਦੀ ਵਿਵਸਥਾ ਅਤੇ ਸਾਮੰਤੀ (ਭਾਰਤੀ)ਵਿਵਸਥਾ ਦੇ ਆਪਸੀ ਟਕਰਾਅ ਵਿਚੋਂ ਉਪਜਦੇ ਰਿਸ਼ਤਿਆਂ ਦੇ ਵਿਸ਼ਾਦਗ੍ਰਸਤ ਰਿਸ਼ਤਿਆਂ ਦੇ ਦਵੰਦ ਦੀ ਸਥਿਤੀ ਹੰਢਾਉਂਦਾ ਹੈ। ਇਸਦੇ ਅੰਤਰਗਤ ਨਵੀਂ ਵਿਵਸਥਾ ਦਾ ਹਿੱਸਾ ਬਣਨ ਕਾਰਨ ਇਕ ਪਾਸੇ ਵਿਅਕਤੀ ਥੋੜ੍ਹੇ ਚਿਰੇ ਪਿਆਰ ਦੇ ਅਹਿਸਾਸਾਂ ਨੂੰ ਭੋਗਦਾ ਹੈ ਅਤੇ ਦੂਜੇ ਪਾਸੇ ਉਸਦੇ ਪ੍ਰੰਪਰਾ 'ਚ ਪਿਆ ਰਿਸ਼ਤਾ ਉਸਦੀ ਉਡੀਕ ਕਰਦਾ ਹੈ। ਅਜਿਹੀ ਸਥਿਤੀ 'ਚ ਉਹ ਦਵੰਦ 'ਚ ਲਟਕਦਾ ਹੈ ਅਤੇ ਅਣਮੰਨੇ ਮਨ ਨਾਲ ਆਪਣੀ ਪ੍ਰੰਪਰਾ ਬਚਾਉਂਣ ਲਈ ਅਹਿਸਾਸ ਦੇ ਰਿਸ਼ਤੇ ਦੀ ਕੁਰਬਾਨੀ ਦੇ ਦਿੰਦਾ ਹੈ।

## *ਹਵਾਲੇ ਅਤੇ ਟਿੱਪਣੀਆਂ*


1. *ਗ.ਸ. ਨਕਸ਼ਦੀਪ ਪੰਜਕੋਹ, ਕੀ ਖੱਟਿਆ ਪਰਦੇਸ ਨਾਵਲ, ਪਬਲੀਕੇਸ਼ਨ ਅੱਟਮ ਆਰਟ,ਪਟਿਆਲਾ, ਪੰਨਾ: 14*
2. *-ਉਹੀ-, ਪੰਨਾ: 28*
3. *-ਉਹੀ-, ਪੰਨਾ: 30*
4. *-ਉਹੀ-, ਪੰਨਾ: 38*
5. *-ਉਹੀ-, ਪੰਨਾ: 53*
6. *-ਉਹੀ-, ਪੰਨਾ: 64*
7. *-ਉਹੀ-, ਪੰਨਾ: 83*
8. *-ਉਹੀ-, ਪੰਨਾ: 116*
9. *-ਉਹੀ-, ਪੰਨਾ: 125*
10. *-ਉਹੀ-, ਪੰਨਾ: 128*
11. *-ਉਹੀ-, ਪੰਨਾ: 163*
12. *-ਉਹੀ-, ਪੰਨਾ: 171*
13. *-ਉਹੀ-, ਪੰਨਾ: 172*



## *Cite this Article-*

*ਹਰਪ੍ਰੀਤ ਕੁਮਾਰ (Harpreet Kumar), ਗੁਰਦੀਪ ਸਿੰਘ ਨਕਸ਼ਦੀਪ ਦਾ ਨਾਵਲ 'ਕੀ ਖੱਟਿਆ ਪਰਦੇਸ ?': ਪਰਵਾਸੀ ਨਾਰੀ ਦਾ ਮਨੋਵਿਗਿਆਨਕ ਸੰਘਰਸ਼ (Gurdeep Singh Nakshdeep Da Novel 'Ki Khatia Pardes ?': Parwasi Nari Da Manovigianak Sangharsh), ਅਰਮਾਨ (ARMAAN), ISSN: 2583-9446 (O), Volume 3, Issue 4, October-December 2025, Page: 34-41.*

*Journal URL: www.armaan.org.in*

*DOI: https://doi.org/10.64119/armaan.vol.3.issue4.07*



*This article is an open access article published under the terms and conditions of the Creative Commons Attribution (CC BY-NC 4.0) license.*
https://creativecommons.org/licenses/by-nc/4.0/